Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 21* Issue 87 | Wednesday, May 04, 2022 | Tel: 905-793-2202 | Fax: 905-793-2282 | news@punjabipost.ca | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਉਸਾਰੀ ਅਧੀਨ ਘਰ ਦੇ ਕੂੜੇਦਾਨ ਵਿੱਚੋਂ ਬੱਚੇ ਦੀ ਮਿਲੀ ਸੀ ਲਾਸ਼



ਓਨਟਾਰੀਓ, 3 ਮਈ (ਪੋਸਟ ਬਿਊਰੋ) : ਪੁਲਿਸ ਸੂਤਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸੋਮਵਾਰ ਨੂੰ ਰੋਜ਼ਡੇਲ ਵਿੱਚ ਕਾਸਲ ਫਰੈਂਕ ਸਟੇਸ਼ਨ ਨੇੜੇ ਕੂੜੇਦਾਨ ਵਿੱਚੋਂ ਮਿਲੀ ਲਾਸ਼ ਇੱਕ ਨਿੱਕੇ ਬੱਚੇ, ਸੰਭਾਵੀ ਤੌਰ ਉੱਤੇ ਨਵਜੰਮੇਂ ਬੱਚੇ ਦੀ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਕਾਸਲ ਫਰੈਂਕ ਰੋਡ ਤੇ ਡੇਲ ਐਵਨਿਊ ਉੱਤੇ ਇੱਕ ਘਰ ਦੀ ਕੰਸਟ੍ਰਕਸ਼ਨ ਸਾਈਟ ਉੱਤੇ ਇੱਕ ਲਾਸ਼ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਸ਼ਾਮੀਂ 4:45 ਉੱਤੇ ਮੈਡੀਕਲ ਕੰਪਲੇਂਟ ਸਬੰਧੀ ਫੋਨ ਆਇਆ। ਪੁਲਿਸ ਨੇ ਦੱਸਿਆ ਕਿ ਇੱਕ ਵਰਕਰ ਜਦੋਂ ਸਾਈਟ ਉੱਤੇ ਕੰਮ ਕਰਨ ਲਈ ਪਹੁੰਚਿਆ ਤਾਂ ਉਸ ਨੂੰ ਕੂੜੇਦਾਨ ਵਿੱਚ ਲਾਸ਼ ਪਈ ਮਿਲੀ। ਪੁਲਿਸ ਇਸ ਮੌਤ ਨੂੰ ਸ਼ੱਕੀ ਮੰਨ ਕੇ ਚੱਲ ਰਹੀ ਹੈ ਪਰ ਮੌਤ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ।

ਗੁਆਂਢੀਆਂ ਨੇ ਦੱਸਿਆ ਕਿ ਇਸ ਘਰ ਵਿੱਚ ਮੁਰੰਮਤ ਦਾ ਕੰਮ ਚੱਲ ਰਿਹਾ ਹੈ ਤੇ ਕਈ ਸਾਲਾਂ ਤੋਂ ਇੱਥੇ ਕੋਈ ਨਹੀਂ ਸੀ ਰਹਿ ਰਿਹਾ। ਫੋਰੈਂਸਿਕ ਟੀਮ ਵੱਲੋਂ ਵੀ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਕਿਸੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ। ਹੋਮੀਸਾਈਡ ਐਂਡ ਮਿਸਿੰਗ ਪਰਸਨਜ਼ ਯੂਨਿਟ ਵੱਲੋਂ ਜਾਂਚ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਪੋਸਟਮਾਰਟਮ ਦੇ ਨਤੀਜੇ ਆਉਣੇ ਵੀ ਅਜੇ ਬਾਕੀ ਹਨ।

## ਸੱਤ ਅੰਕਾਂ ਦੀ ਲੀਡ ਨਾਲ ਪੀਸੀ ਪਾਰਟੀ ਨੇ ਓਨਟਾਰੀਓ ਵਿਚ ਰਸਮੀ ਚੋਣ ਕੈਂਪੇਨ ਦੀ ਕੀਤੀ ਸ਼ੁਰੂਆਤ

ਓਨਟਾਰੀਓ, 3 ਮਈ (ਪੋਸਟ ਬਿਊਰੋ) : ਬੁੱਧਵਾਰ ਨੂੰ ਓਨਟਾਰੀਓ ਦੀ ਪ੍ਰੋਵਿੰਸ਼ੀਅਲ ਚੋਣ ਕੈਂਪੇਨ ਦੀ ਰਸਮੀ ਸ਼ੁਰੂਆਤ ਸਮੇਂ ਡੱਗ ਫੋਰਡ ਤੇ ਉਨ੍ਹਾਂ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਸੱਤ ਅੰਕਾਂ ਨਾਲ ਅੱਗੇ ਸੀ। ਇਹ ਖੁਲਾਸਾ ਇੱਕ ਨਵੇਂ ਸਰਵੇਖਣ ਤੋਂ ਹੋਇਆ।

ਨੈਨੋਜ਼ ਰਿਸਰਚ ਵੱਲੋਂ ਕੀਤੇ ਗਏ ਸਰਵੇਖਣ ਅਨੁਸਾਰ ਇਸ ਸਮੇਂ ਟੋਰੀਜ਼ ਨੂੰ ਓਨਟਾਰੀਓ ਦੇ 36.9 ਫੀ ਸਦੀ ਵੋਟਰਾਂ ਦਾ ਸਮਰਥਨ ਹਾਸਲ ਹੈ ਜਦਕਿ ਸਟੀਵਨ ਡੈਲ ਡੂਕਾ ਦੀ ਅਗਵਾਈ ਵਾਲੀ ਲਿਬਰਲਾਂ ਦੀ ਟੀਮ ਨੂੰ 30.4 ਫੀ ਸਦੀ ਵੋਟਰਾਂ ਤੋਂ ਸਮਰਥਨ ਮਿਲ ਰਿਹਾ ਹੈ। 23.7 ਫੀ ਸਦੀ ਸਮਰਥਨ ਨਾਲ ਐਂਡਰੀਆ ਹੌਰਵਥ ਦੀ ਐਨਡੀਪੀ ਚੱਲ ਰਹੀ ਹੈ ਜਦਕਿ ਗ੍ਰੀਨ ਪਾਰਟੀ 4.3 ਫੀ ਸਦੀ ਸਮਰਥਨ ਨਾਲ ਕਾਫੀ ਪਿੱਛੇ ਹੈ। ਨੌਂ ਫੀ ਸਦੀ ਵੋਟਰ ਅਜੇ ਤੱਕ ਇਹ ਫੈਸਲਾ ਨਹੀਂ ਕਰ ਸਕੇ ਹਨ ਕਿ ਉਨ੍ਹਾਂ ਨੇ ਕਿਹੜੀ ਪਾਰਟੀ ਨੂੰ ਵੋਟ ਪਾਉਣੀ ਹੈ।

ਜੀਟੀਏ ਵਿੱਚ ਕੰਜ਼ਰਵੇਟਿਵਾਂ ਤੇ ਲਿਬਰਲਾਂ ਵਿਚਾਲੇ ਕਾਂਟੇ ਦੀ ਟੱਕਰ ਚੱਲਦੀ ਮਹਿਸੂਸ ਹੋ ਰਹੀ ਹੈ। ਇੱਥੇ ਟੋਰੀਜ਼ ਨੂੰ ਲਿਬਰਲਾਂ ਤੋਂ ਸਿਰਫ ਇੱਕ ਅੰਕ ਦੀ ਲੀਡ ਹਾਸਲ ਹੈ। ਪਰ ਓਨਟਾਰੀਓ ਵਿੱਚ ਹੋਰਨਾਂ ਥਾਂਵਾਂ ਉੱਤੇ ਟੋਰੀਜ਼ ਨੂੰ ਲਿਬਰਲਾਂ ਤੋਂ 11 ਅੰਕਾਂ ਦੀ ਤੇ ਐਨਡੀਪੀ ਤੋਂ 15 ਅੰਕਾਂ ਦੀ ਲੀਡ ਹਾਸਲ ਹੈ।



ਪ੍ਰੀਮੀਅਰ ਵਜੋਂ ਡੱਗ ਫੋਰਡ ਨੂੰ 29.9 ਫੀ ਸਦੀ ਲੋਕਾਂ ਵੱਲੋਂ ਆਪਣਾ ਪਸੰਦੀਦਾ ਆਗੂ ਦੱਸਿਆ ਗਿਆ ਹੈ ਪਰ ਉਨ੍ਹਾਂ ਦੀ ਪਾਰਟੀ ਕਾਰਨ ਉਹ ਕਿਤੇ ਪਛੜ ਵੀ ਸਕਦੇ ਹਨ। ਦੂਜੇ ਪਾਸੇ ਸਿਰਫ 17 ਫੀ ਸਦੀ ਵੋਟਰ ਹੀ ਸਟੀਵਨ ਡੈਲ ਡੂਕਾ ਨੂੰ ਆਪਣੇ ਪਸੰਦੀਦਾ ਪ੍ਰੀਮੀਅਰ ਵਜੋਂ ਅਪਨਾਉਣ ਲਈ ਰਾਜ਼ੀ ਹਨ ਪਰ ਇਸ ਤੋਂ ਕਿਤੇ ਜ਼ਿਆਦਾ ਗਿਣਤੀ ਵਿੱਚ ਲੋਕ ਲਿਬਰਲ ਪਾਰਟੀ ਨੂੰ ਵੋਟ ਕਰਨ ਦੇ ਚਾਹਵਾਨ ਹਨ।

22.8 ਫੀ ਸਦੀ ਲੋਕਾਂ ਦਾ ਕਹਿਣਾ ਹੈ ਕਿ ਪ੍ਰੀਮੀਅਰ ਵਜੋਂ ਉਨ੍ਹਾਂ ਦੀ ਪਸੰਦੀਦਾ ਆਗੂ ਐਨਡੀਪੀ ਦੀ ਐਂਡਰੀਆ ਹੌਰਵਥ ਹੈ। ਇਹ ਸਰਵੇਖਣ 28 ਅਪਰੈਲ ਤੋਂ 2 ਮਈ ਦਰਮਿਆਨ ਕਰਵਾਇਆ ਗਿਆ।

## ਕੈਨੇਡਾ ਵਿੱਚ ਵੋਟ ਕਰਨ ਦੀ ਉਮਰ ਘਟਾਉਣ ਲਈ ਐਨਡੀਪੀ ਵੱਲੋਂ ਬਿੱਲ ਪੇਸ਼

ਓਨਟਾਰੀਓ, 3 ਮਈ (ਪੋਸਟ ਬਿਊਰੋ) : ਐਨਡੀਪੀ ਇਸ ਗੱਲ ਨੂੰ ਲੈ ਕੇ ਆਸਵੰਦ ਹੈ ਕਿ ਕੈਨੇਡਾ ਵਿੱਚ ਵੋਟ ਪਾਉਣ ਦੀ ਉਮਰ ਘਟਾ ਕੇ 16 ਸਾਲ ਕਰਨ ਨਾਲ ਹਾਊਸ ਆਫ ਕਾਮਨਜ਼ ਵਿੱਚ ਵਧੇਰੇ ਸਮਰਥਨ ਹਾਸਲ ਹੋ ਸਕਦਾ ਹੈ। ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਇਸ ਤੋਂ ਪਹਿਲਾਂ ਇਸ ਮਾਮਲੇ ਵਿੱਚ ਫੇਲ੍ਹ ਹੋਏ ਬਿੱਲਾਂ ਦੀ ਜਾਣਕਾਰੀ ਉਨ੍ਹਾਂ ਨੂੰ ਹੈ ਪਰ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਪ੍ਰਾਈਵੇਟ ਮੈਂਬਰ ਬਿੱਲ, ਜਿਸ ਨੂੰ ਐਨਡੀਪੀ ਐਮਪੀ ਟੇਲਰ ਬੈਖਰੈਖ ਵੱਲੋਂ ਸਪਾਂਸਰ ਕੀਤਾ ਗਿਆ ਹੈ, ਵਿਲੱਖਣ ਹੈ। ਮੰਗਲਵਾਰ ਨੂੰ ਜਗਮੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਲੱਗਦਾ ਹੈ ਕਿ ਦੁਨੀਆ ਭਰ ਵਿੱਚ ਇਸ ਸਮੇਂ ਇਹ ਅਹਿਸਾਸ ਪੈਦਾ ਹੋ ਚੁੱਕਿਆ ਹੈ ਕਿ ਜਮਹੂਰੀਅਤ ਖਤਰੇ ਵਿੱਚ ਹੈ। ਉਨ੍ਹਾਂ ਆਖਿਆ ਕਿ ਫਾਸ਼ੀਵਾਦ ਦੇ ਕੁੱਝ ਮਾਮਲਿਆਂ ਵਿੱਚ ਵੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸੇ ਤਰਜ਼ ਉੱਤੇ ਇਹ ਸਵਾਲ ਖੜ੍ਹਾ ਹੋ ਗਿਆ ਹੈ ਕਿ ਜਮਹੂਰੀਅਤ ਦਾ ਸਮਰਥਨ ਕਿਸ ਤਰ੍ਹਾਂ ਕੀਤਾ ਜਾਵੇ ਤਾਂ ਕਿ ਸਾਡਾ ਜਮਹੂਰੀ ਢਾਂਚਾ ਸਹੀ ਢੰਗ ਨਾਲ ਕੰਮ ਕਰ ਸਕੇ।



ਐਨਡੀਪੀ ਆਗੂ ਨੇ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਹਮਲੇ ਦੀ ਮਿਸਾਲ ਵੀ ਦਿੱਤੀ। ਬੈਖਰੈਖ ਨੇ ਪਹਿਲਾਂ ਦਸੰਬਰ 2021 ਵਿੱਚ ਇਸ ਸਬੰਧ ਵਿੱਚ ਬਿੱਲ ਸੀ-210 ਲਿਆਂਦਾ ਸੀ। 2005 ਵਿੱਚ ਲਿਬਰਲ ਐਮਪੀ ਮਾਰਕ ਹਾਲੈਂਡ ਵੱਲੋਂ ਵੀ ਅਜਿਹੀ ਪਾਲਿਸੀ ਲਿਆਉਣ ਲਈ ਬਿੱਲ ਪੇਸ਼ ਕੀਤਾ ਗਿਆ ਸੀ। ਬੈਖਰੈਖ ਦੇ ਇਸ ਬਿੱਲ ਉੱਤੇ ਬੁੱਧਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਬਹਿਸ ਹੋਵੇਗੀ।

## ਲੀਡਰਸ਼ਿਪ ਦੌੜ ਲਈ ਕੰਜ਼ਰਵੇਟਿਵਾਂ ਦੇ ਛੇ ਉਮੀਦਵਾਰ ਹੀ ਰਹਿ ਗਏ ਚੋਣ ਪਿੜ ਵਿਚ

ਓਟਵਾ, 3 ਮਈ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਛੇ ਲੀਡਰਸ਼ਿਪ ਉਮੀਦਵਾਰਾਂ ਨੇ ਚੋਣ ਮੁਕਾਬਲੇ ਲਈ ਆਪਣੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਨੂੰ ਪਾਰ ਕਰ ਲਿਆ ਹੈ। ਭਾਵ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਲਈ ਹੁਣ ਮੈਦਾਨ ਵਿੱਚ ਛੇ ਉਮੀਦਵਾਰ ਹੀ ਬਚੇ ਹਨ। ਤਿੰਨ ਉਮੀਦਵਾਰ ਇਸ ਮੁਕਾਬਲੇ ਵਿੱਚ ਅੱਗੇ ਤੱਕ ਥਾਂ ਨਹੀਂ ਬਣਾ ਪਾਏ।

ਟੋਰੀ ਫਾਇਨਾਂਸ ਕ੍ਰਿਟਿਕ ਪਿਏਰ ਪੌਲੀਏਵਰ ਆਪਣੀਆਂ ਰੈਲੀਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਆਕਰਸ਼ਿਤ ਕਰਨ ਵਿੱਚ ਸਫਲ ਰਹੇ ਹਨ ਤੇ ਇਸ ਦੇ ਨਾਲ ਹੀ ਕਿਊਬਿਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰੈਸਟ ਵੱਲੋਂ ਬਹੁਤਾ ਜ਼ੋਰ ਨਰਮਖਿਆਲੀਏ ਕੰਜ਼ਰਵੇਟਿਵਾਂ ਨੂੰ ਲਾਇਆ ਜਾ ਰਿਹਾ ਹੈ। ਇਹ ਦੋਵੇਂ ਉਮੀਦਵਾਰ ਸਾਬਕਾ ਆਗੂ ਐਰਿਨ ਓਟੂਲ ਦੀ ਥਾਂ ਲੈਣ ਲਈ ਸ਼ੁਰੂ ਕੀਤੀ ਗਈ ਲੀਡਰਸ਼ਿਪ ਦੌੜ ਵਿੱਚ ਸੱਭ ਤੋਂ ਅੱਗੇ ਚੱਲ ਰਹੇ ਹਨ। ਇਸੇ ਤਰਜ਼ ਉੱਤੇ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਧਾਰਮਿਕ ਆਜ਼ਾਦੀ ਦੀ ਗੱਲ ਕਰਨ ਦੇ ਨਾਲ ਨਾਲ ਵੱਖ ਵੱਖ ਭਾਈਚਾਰਿਆਂ ਦੇ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਵਾਅਦੇ ਕਰ ਰਹੇ ਹਨ। ਉਨ੍ਹਾਂ ਦੇ ਨਾਲ ਰੂਰਲ ਓਨਟਾਰੀਓ ਤੋਂ ਐਮਪੀਪੀ ਲੈਸਲਿਨ ਲੁਈ ਵੀ ਇਸ ਲੀਡਰਸ਼ਿਪ ਦੌੜ ਦੇ ਬਾਕੀ ਉਮੀਦਵਾਰਾਂ ਨੂੰ ਚੰਗੀ ਟੱਕਰ ਦੇ ਰਹੇ ਹਨ। ਇਸ ਦੌਰਾਨ ਓਨਟਾਰੀਓ ਤੋਂ ਐਮਪੀ ਸਕੌਟ ਐਚੀਸਨ ਵੱਲੋਂ ਸਪਲਾਈ ਮੈਨੇਜਮੈਂਟ ਨੂੰ ਖ਼ਤਮ ਕਰਨ ਦਾ ਵਾਅਦਾ ਕੀਤਾ ਗਿਆ ਹੈ ਤੇ ਓਨਟਾਰੀਓ ਤੋਂ ਇੰਡੀਪੈਂਡੈਂਟ ਐਮਪੀਪੀ ਰੋਮਨ ਬੇਬਰ ਵੀ ਪਿੜ ਵਿੱਚ ਬਣੇ ਹੋਏ ਹਨ।



ਉਮੀਦਵਾਰੀ ਪੱਕੀ ਕਰਨ ਲਈ ਉਮੀਦਵਾਰਾਂ ਨੂੰ ਪਿਛਲੇ ਸ਼ੁੱਕਰਵਾਰ ਤੱਕ ਰਜਿਸਟ੍ਰੇਸ਼ਨ ਫੀਸ ਦੇ ਰੂਪ ਵਿੱਚ 300,000 ਡਾਲਰ ਜਮ੍ਹਾਂ ਕਰਵਾਉਣੇ ਸਨ, ਇਸ ਤੋਂ ਇਲਾਵਾ ਕੰਪਲਾਇੰਸ ਡਿਪੌਜ਼ਿਟ ਦੇ ਨਾਲ ਨਾਲ 500 ਪਾਰਟੀ ਮੈਂਬਰਾਂ ਦੇ ਦਸਤਖ਼ਤ ਵੀ ਜਮ੍ਹਾਂ ਕਰਵਾਉਣੇ ਸਨ। ਕੰਜ਼ਰਵੇਟਿਵਸ ਆਪਣੇ ਨਵੇਂ ਆਗੂ ਦਾ ਐਲਾਨ 19 ਸਤੰਬਰ ਨੂੰ ਕਰਨਗੇ।

ਇਸ ਦੌਰਾਨ ਓਨਟਾਰੀਓ ਤੋਂ ਸਾਬਕਾ ਐਮਪੀ ਲਿਓਨਾ ਐਲੇਸਲੇਵ, 2018 ਵਿੱਚ ਜੋ ਲਿਬਰਲਾਂ ਨੂੰ ਛੱਡ ਕੇ ਕੰਜ਼ਰਵੇਟਿਵਾਂ ਦੇ ਖੇਮੇ ਵਿੱਚ ਸ਼ਾਮਲ ਹੋ ਗਈ ਸੀ, ਨੇ ਐਲਾਨ ਕੀਤਾ ਕਿ ਉਹ ਬਣਦੀ ਰਕਮ ਜਮ੍ਹਾਂ ਨਹੀਂ ਕਰ ਸਕੀ ਇਸ ਲਈ ਉਹ ਇਸ ਦੌੜ ਤੋਂ ਪਾਸੇ ਹੋ ਰਹੀ ਹੈ। ਬ੍ਰਿਟਿਸ਼ ਕੋਲੰਬੀਆ ਤੋਂ ਐਮਪੀ ਮਾਰਕ ਡਾਲਟਨ ਨੇ ਵੀ ਪੈਸੇ ਇੱਕਠੇ ਨਾ ਕਰ ਸਕਣ ਕਾਰਨ ਆਪਣਾ ਨਾਂ ਵਾਪਿਸ ਲੈਣ ਦੀ ਗੱਲ ਆਖੀ। ਕੁੱਝ ਉਮੀਦਵਾਰਾਂ ਨੇ ਕੰਜ਼ਰਵੇਟਿਵ ਪਾਰਟੀ ਉੱਤੇ ਦੋਸ਼ ਲਾਇਆ ਕਿ ਉਨ੍ਹਾਂ ਵੱਲੋਂ ਪੂਰੇ ਪੈਸੇ ਤੇ ਦਸਤਖ਼ਤ ਜਮ੍ਹਾਂ ਕਰਵਾਏ ਜਾਣ ਦੇ ਬਾਵਜੂਦ ਉਨ੍ਹਾਂ ਦੇ ਨਾਂ ਪਾਰਟੀ ਵੱਲੋਂ ਇਸ ਦੌੜ ਲਈ ਨਹੀਂ ਵਿਚਾਰੇ ਜਾ ਰਹੇ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill
Certified & Licensed Exterminator

MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Business Law
- Family Law
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਨਰਿੰਦਰ ਮੋਦੀ ਨੇ ਕਿਹਾ: ਦੁਨੀਆਂ ਨੂੰ ਤਬਾਹ ਕਰਨ ਵਿੱਚ ਭਾਰਤੀਆਂ ਦੀ ਕੋਈ ਭੂਮਿਕਾ ਨਹੀਂ



ਕੋਪਨਹੇਗਨ, 3 ਮਈ, (ਪੋਸਟ ਬਿਊਰੋ)- ਭਾਰਤ ਦੇਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਏਥੇ ਕਿਹਾ ਕਿ ਮੇਲਜੋਲ ਤੇ ਸੱਭਿਆਚਾਰਕ ਵਿਭਿੰਨਤਾ ਭਾਰਤੀ ਭਾਈਚਾਰੇ ਦੀਆਂ ਉਹ ਖੂਬੀਆਂ ਹਨ, ਜੋ ਸਾਨੂੰ ਸਭ ਨੂੰ ਹਰ ਪਲ ਵਿੱਚਜਿੰਦਾ ਹੋਣ ਦਾ ਅਹਿਸਾਸ ਕਰਾਉਂਦੀਆਂ ਹਨ ਤੇ ਇਹ ਕਦਰਾਂ-ਕੀਮਤਾਂ ਹਜ਼ਾਰਾਂ ਸਾਲਾਂ ਤੋਂ ਵਿਕਸਿਤ ਹੋਈਆਂ ਹਨ।

ਡੈਨਮਾਰਕ ਵਿੱਚ ਵੱਸੇ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਨਰਿੰਦਰ ਮੋਦੀ ਨੇ ਕਿਹਾ ਕਿ ਸਾਰੇ ਭਾਰਤੀ ਲੋਕ ਦੇਸ਼ ਦੀ ਰਾਖੀ ਲਈ ਇਕੱਠੇ ਹਨ।'ਮੋਦੀ, ਮੋਦੀ' ਅਤੇ 'ਮੋਦੀ ਹੈ ਤੋ ਮੁਮਕਿਨ ਹੈ' ਦੇ ਨਾਅਰਿਆਂ ਦੌਰਾਨ ਡੈਨਮਾਰਕ ਦੇ ਪ੍ਰਧਾਨ ਮੰਤਰੀ ਮੇਟ ਫਰੈਡਰਿਕਸਨ ਨਾਲ ਆਡੀਟੋਰੀਅਮ ਵਿੱਚ ਆਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ 'ਪ੍ਰਧਾਨ ਮੰਤਰੀ ਫਰੈਡਰਿਕਸਨ ਦੀ ਏਥੇ ਮੌਜੂਦਗੀ ਭਾਰਤੀਆਂ ਲਈ ਉਨ੍ਹਾਂ ਦੇ ਪਿਆਰ ਤੇ ਸਨਮਾਨ ਦਾ ਪ੍ਰਮਾਣ ਹੈ।ਕਈ ਵਾਰ ਮੈਂ ਵਿਸ਼ਵ ਨੇਤਾਵਾਂ ਨੂੰਜਦੋਂ ਮਿਲਦਾ ਹਾਂ ਤਾਂ ਉਹ ਮੈਨੂੰ ਆਪਣੇ ਦੇਸ਼ ਵਿੱਚ ਭਾਰਤੀ ਭਾਈਚਾਰੇ ਦੀਆਂ ਪ੍ਰਾਪਤੀਆਂ ਮਾਣ ਨਾਲ ਦੱਸਦੇ ਹਨ।' ਮੋਦੀ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਭਾਰਤੀਆਂ ਦੀ ਗਿਣਤੀ ਕੁਝ ਦੇਸ਼ਾਂ ਦੀ ਕੁੱਲ ਆਬਾਦੀ ਤੋਂ ਵੀ ਵੱਧ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਧਰਤੀ ਤੇ ਜਲਵਾਯੂ ਨੂੰ ਨੁਕਸਾਨ ਪੁਚਾਉਣ ਭਾਰਤੀਆਂ ਦੀ ਕੋਈ ਭੂਮਿਕਾ ਨਹੀਂ ਅਤੇ ਸਮੇਂ ਦੀ ਲੋੜ ਹੈ ਕਿ ਵਾਤਾਵਰਣ ਪੱਖੀ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਸੀਂ ਉਹ ਲੋਕ ਹਾਂ, ਜਿਨ੍ਹਾਂ ਨੂੰ ਪੌਦੇ ਵਿੱਚ ਵੀ ਰੱਬ ਨਜ਼ਰ ਆਉਂਦਾ ਹੈ, ਅਸੀਂ ਦਰਿਆ ਨੂੰ ਮਾਂ ਮੰਨਣ ਵਾਲੇ ਲੋਕ ਹਾਂ।

## ਸ਼ੂਟਿੰਗ ਵਿੱਚ ਇੱਕ ਜ਼ਖ਼ਮੀ




ਟੋਰਾਂਟੋ, 3 ਮਈ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਟੋਰਾਂਟੋ ਕੌਰਕਟਾਊਨ ਵਿੱਚ ਸ਼ੀਸ਼ਾ ਲਾਊਂਜ ਵਿੱਚ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਇਸ ਘਟਨਾ ਦੀ ਜਾਣਕਾਰੀ ਦੇਣ ਲਈ ਮੰਗਲਵਾਰ ਨੂੰ ਸਵੇਰੇ 2:10 ਉੱਤੇ ਪਾਰਲੀਆਮੈਂਟ ਸਟਰੀਟ ਤੋਂ ਪੂਰਬ ਵੱਲ ਸਥਿਤ 372 ਕੁਈਨ ਸਟਰੀਟ ਈਸਟ ਉੱਤੇ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ।ਜ਼ਖ਼ਮੀ ਵਿਅਕਤੀ ਸੇਂਟ ਮਾਈਕਲ ਹਸਪਤਾਲ ਵਿੱਚ ਆਪਣੇ ਆਪ ਹੀ ਇਲਾਜ ਲਈ ਪਹੁੰਚ ਗਿਆ।

ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਫੋਰੈਂਸਿਕ ਆਇਡੈਂਟੀਫਿਕੇਸ਼ਨ ਆਫੀਸਰਜ਼ ਨੂੰ ਵੀ ਘਟਨਾ ਤੋਂ ਬਾਅਦ ਕੁਈਨ ਸਟਰੀਟ ਉੱਤੇ ਵੇਖਿਆ ਗਿਆ। ਇਸ ਘਟਨਾ ਦੇ ਸਬੰਧ ਵਿੱਚ ਕਿਸੇ ਮਸ਼ਕੂਕ ਸਬੰਧੀ ਜਾਣਕਾਰੀ ਵੀ ਹਾਸਲ ਨਹੀਂ ਹੋਈ ਹੈ।

# 'ਪ੍ਰਿੰਸੈੱਸ ਮਾਰਗਰੇਟ ਕੈਂਸਰ ਰੀਸਰਚ ਫ਼ਾਊਂਡੇਸ਼ਨ' ਦੀ ਸਹਾਇਤਾ ਲਈ ਟੋਰਾਂਟੋ ਵਿਖੇ ਕੀਤੀ ਗਈ ਮੈਰਾਥਨ ਆਯੋਜਿਤ

### ਟੀ.ਪੀ.ਏ.ਆਰ. ਕਲੱਬ ਦੇ ਮੈਂਬਰ ਧਿਆਨ ਸਿੰਘ ਸੋਹਲ, ਕੁਲਦੀਪ ਗਰੇਵਾਲ ਤੇ ਹਰਜੀਤ ਸਿੰਘ ਹੋਏ ਸ਼ਾਮਲ
### * 60 ਦੇਸ਼ਾਂ ਤੋਂ 12,500 ਦੌੜਾਕਾਂ ਨੇ ਹਿੱਸਾ ਲਿਆ ਤੇ 7.5 ਮਿਲੀਅਨ ਡਾਲਰ ਫੰਡ ਇਕੱਤਰ ਹੋਇਆ

ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 1 ਮਈ ਨੂੰ ਟੋਰਾਂਟੋ ਡਾਊਨ ਟਾਊਨ ਵਿਚ ਮੈਰਾਥਨ ਦੌੜ ਦਾ ਸਫ਼ਲ ਆਯੋਜਨ ਕੀਤਾ ਗਿਆ ਜਿਸ ਵਿਚ 60 ਵੱਖ-ਵੱਖ ਦੇਸ਼ਾਂ ਤੋਂ 12,500 ਦੌੜਾਕਾਂ ਨੇ ਬੜੇ ਉਤਸ਼ਾਹ ਅਤੇ ਜੋਸ਼ ਨਾਲ ਹਿੱਸਾ ਲਿਆ। ਬਰੈਂਪਟਨ ਵਿਚ ਪਿਛਲੇ 10 ਸਾਲਾਂ ਤੋਂ ਸਰਗ਼ਰਮ ਟੀ.ਪੀ.ਏ.ਆਰ. ਕਲੱਬ ਦੇ ਮੈਂਬਰ ਧਿਆਨ ਸਿੰਘ ਸੋਹਲ, ਕੁਲਦੀਪ ਸਿੰਘ ਗਰੇਵਾਲ ਅਤੇ ਹਰਜੀਤ ਸਿੰਘ ਨੇ ਵੀ ਇਸ ਮਹਾਨ ਈਵੈਂਟ ਵਿਚ ਸਫ਼ਲਤਾ ਪੂਰਵਕ ਸ਼ਮੂਲੀਅਤ ਕੀਤੀ। ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਲਈ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਐੱਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ' ਦੇ ਸੰਚਾਲਕ ਨਰਿੰਦਰਪਾਲ ਬੈਂਸ ਉਚੇਚੇ ਤੌਰ 'ਤੇ ਉਨ੍ਹਾਂ ਨਾਲ ਗਏ ਅਤੇ ਉਹ ਕੁਝ ਕਿਲੋਮੀਟਰ ਉਨ੍ਹਾਂ ਦੇ ਨਾਲ ਵੀ ਦੌੜੇ। ਇਸ ਈਵੈਂਟ ਵਿਚ 'ਪ੍ਰਿੰਸੈੱਸ ਮਾਰ-ਗਰੇਟ ਕੈਂਸਰ ਰੀਸਰਚ ਫ਼ਾਊਂਡੇਸ਼ਨ' ਦੀ ਸਹਾਇਤਾ ਲਈ 7.5 ਮਿਲੀਅਨ ਦਾ ਫ਼ੰਡ ਇਕੱਤਰ ਹੋਇਆ ਜੋ ਆਪਣੇ ਆਪ ਵਿਚ ਇਕ ਰੀਕਾਰਡ ਹੈ।

ਟੋਰਾਂਟੋ ਦੇ ਨੌਰਥ ਯੌਰਕ ਰੀਜਨ ਦੇ ਯੰਗ ਤੇ ਸ਼ੈੱਪ੍ਰਡ ਇੰਟਰਸੈੱਕਸ਼ਨ ਤੋਂ ਸਵੇਰੇ 7.30 ਵਜੇ ਬਣਾਏ ਗਏ ਸਟਾਰਟਿੰਗ ਪਵਾਂਇੰਟ ਤੋਂ ਮੈਰਾਥਨ ਦੌੜਾਕਾਂ ਨੂੰ ਪ੍ਰਬੰਧਕਾਂ ਵੱਲੋਂ ਪੂਰੀ ਸ਼ਾਨੋ-ਸ਼ੌਕਤ ਨਾਲ ਰਵਾਨਾ ਕੀਤਾ ਗਿਆ ਅਤੇ ਉਹ ਸੀ.ਐੱਨ. ਟਾਵਰ ਦੇ ਨੇੜਿਉਂ ਲੰਘਦੇ, ਗਾਰਡੀਨਰ ਐਕਸਪ੍ਰੈੱਸ ਵੇਅ ਨੂੰ ਪਾਰ ਕਰਕੇ ਲੇਕਸ਼ੋਰ ਦੇ ਖੱਬੇ ਕੰਢੇ 42 ਕਿਲੋਮੀਟਰ ਲੰਮਾ ਪੈਂਡਾ ਤੈਅ ਕਰਦੇ ਹੋਏ ਸੀ.ਐੱਨ.ਈ. ਗਰਾਊਂਡ ਵਿਚ ਬਣਾਈ ਗਈ 'ਫਿਨਿਸ਼-ਲਾਈਨ' 'ਤੇ ਪਹੁੰਚੇ। ਹਾਫ਼-ਮੈਰਾਥਨ ਲਈ ਰੂਟ ਇਸ ਦੇ ਨਾਲ ਕੁਝ ਸਾਂਝਾਂ ਤੇ ਕੁਝ ਵੱਖਰਾ ਸੀ ਅਤੇ ਉਹ ਸ਼ੁਰੂ ਵੀ ਸਵੇਰੇ 8.30 ਵਜੇ ਕੀਤੀ ਗਈ। ਮੀਂਹ-ਕਣੀ ਵਾਲੇ ਮੌਸਮ ਦੇ ਬਾਵਜੂਦ ਮੈਰਾਥਨ ਰੂਟ ਦੇ ਦੋਹੀਂ ਪਾਸੀਂ ਦੌੜਾਕਾਂ ਦੀ ਹੱਲਾਸ਼ੇਰੀ ਲਈ ਵੱਡੀ ਗਿਣਤੀ ਵਿਚ ਲੋਕ ਖੜੇ ਸਨ ਅਤੇ ਉਹ ਉੱਚੀ-ਉੱਚੀ ਆਵਾਜ਼ਾਂ ਵਿਚ ਉਤਸ਼ਾਹਿਤ ਨਾਅਰੇ ਲਗਾ ਕੇ ਦੌੜਾਕਾਂ ਦੀ ਹੌਸਲਾ-ਅਫ਼ਜ਼ਾਈ ਕਰ ਰਹੇ ਸਨ। ਇਨ੍ਹਾਂ ਵਿਚ ਬਹੁਤ ਸਾਰੇ ਵਾਲੰਟੀਅਰ ਵੀ ਸ਼ਾਮਲ ਸਨ।



42 ਕਿਲੋਮੀਟਰ ਲੰਮੀ ਇਸ ਮੈਰਾਥਨ ਵਿਚ ਸੱਭ ਤੋਂ ਤੇਜ਼ ਦੌੜਾਕ ਡੈਨਿਸ ਮਬੇਲੈਂਜ਼ੀ 2 ਘੰਟੇ 29 ਮਿੰਟ 58 ਸਕਿੰਟਾਂ ਦੇ ਸਮੇਂ ਨਾਲ ਪਹਿਲੇ ਨੰਬਰ 'ਤੇ ਆਇਆ, ਜਦਕਿ ਨਿੱਕ ਕਰੋਕਰ 2 ਘੰਟੇ 30 ਮਿੰਟ 52 ਸਕਿੰਟਾਂ ਨਾਲ ਦੂਸਰੇ ਨੰਬਰ 'ਤੇ ਰਿਹਾ। ਮਹਿਲਾਵਾਂ ਵਿਚ ਮੈਰੀਏਜ ਹੋਗਨ 2 ਘੰਟੇ 47 ਮਿੰਟ 59 ਸਕਿੰਟ ਅਤੇ ਹੈੱਲਥਰ ਓ. ਡੋਨਲ 2 ਘੰਟੇ 49 ਮਿੰਟ ਤੇ 2 ਸਕਿੰਟ ਦੇ ਸਮੇਂ ਨਾਲ ਪਹਿਲੇ ਤੇ ਦੂਸਰੇ ਨੰਬਰ 'ਤੇ ਆਈਆਂ। ਟੀ.ਪੀ.ਏ.ਆਰ. ਕਲੱਬ ਦੇ ਦੌੜਾਕ ਧਿਆਨ ਸਿੰਘ ਸੋਹਲ ਨੇ ਇਹ ਦੌੜ 4 ਘੰਟੇ 33 ਮਿੰਟ 54 ਸਕਿੰਟਾਂ ਵਿਚ ਸੰਪੰਨ ਕੀਤੀ, ਜਦਕਿ ਕੁਲਦੀਪ ਗਰੇਵਾਲ ਨੇ ਇਸ ਨੂੰ ਦੌੜਨ ਲਈ 5 ਘੰਟੇ 35 ਮਿੰਟ 10 ਸਕਿੰਟ ਅਤੇ ਹਰਜੀਤ ਸਿੰਘ ਨੇ 5 ਘੰਟੇ 35 ਮਿੰਟ 12 ਸਕਿੰਟ ਦਾ ਸਮਾਂ ਲਿਆ। ਏਸੇ ਤਰ੍ਹਾਂ ਬਰੈਂਪਟਨ ਦੇ ਇਕ ਹੋਰ ਦੌੜਾਕ ਲਖਵਿੰਦਰ ਸਿੰਘ ਨੇ ਇਹ 5 ਘੰਟੇ 35 ਮਿੰਟ 10 ਸਿਕਿੰਟ ਵਿਚ ਪੂਰੀ ਕੀਤੀ। ਇਸ ਮੈਰਾਥਨ ਦੇ ਕਈ ਹੋਰ ਵੀ ਦਿਲਚਸਪ ਪਹਿਲੂ ਸਨ, ਜਿਵੇਂ ਇਕ ਮੈਕਸੀਕਨ ਦੌੜਾਕ ਇਸ ਦੌੜ ਵਿਚ ਵੀਲ੍ਹ-ਚੇਅਰ 'ਤੇ ਪੂਰੀ ਮੈਰਾਥਨ ਦੌੜਿਆ ਅਤੇ ਉਹ ਬਹੁਤ ਸਾਰੇ ਦੌੜਾਕਾਂ ਨਾਲੋਂ ਕਾਫ਼ੀ ਅੱਗੇ ਜਾ ਰਿਹਾ ਸੀ। ਇੰਜ ਹੀ ਇਕ ਜੋੜੇ ਦਾ ਪੁਰਸ਼ ਮੈਂਬਰ ਆਪਣੀ ਜੀਵਨ ਸਾਥਣ ਨੂੰ ਵੀਲ੍ਹ-ਚੇਅਰ 'ਤੇ ਬੈਠਾ ਕੇ ਵੀਲ੍ਹ-ਚੇਅਰ ਨੂੰ ਧਕੇਲਦਿਆਂ ਹੋਇਆ ਇਹ ਦੌੜ ਸਫ਼ਲਤਾ ਪੂਰਵਕ ਪੂਰੀ ਕੀਤੀ। ਇਕ ਨੌਜੁਆਨ ਰਿਸ਼ੀ ਕੌਸ਼ਲ ਨੇ ਹਾਫ਼-ਮੈਰਾਥਨ ਇਕ ਘੰਟਾ 47 ਮਿੰਟਾਂ ਵਿਚ ਸੰਪੰਨ ਕੀਤੀ। ਇਸ ਈਵੈਂਟ ਵਿਚ ਭਾਗ ਲੈਣ ਵਾਲੇ ਸਾਰੇ ਦੌੜਾਕ ਤੇ ਵੱਾਕਰ ਵਧਾਈ ਦੇ ਹੱਕਦਾਰ ਹਨ, ਕਿਉਂਕਿ ਅਜਿਹੇ ਈਵੈਂਟਾਂ ਵਿਚ ਇਸ ਤਰ੍ਹਾਂ ਦੀਆਂ ਉਦਾਹਰਣਾਂ ਸਾਹਮਣੇ ਆਉਣ ਨਾਲ ਹੋਰਨਾਂ ਨੂੰ ਬਹੁਤ ਉਤਸ਼ਾਹ ਮਿਲਦਾ ਹੈ ਅਤੇ ਉਹ ਅੱਗੋਂ ਹੋਣ ਵਾਲੇ ਈਵੈਂਟਾਂ ਵਿਚ ਸ਼ਾਮਲ ਹੋਣ ਲਈ ਤਿਆਰੀਆਂ ਆਰੰਭ ਕਰ ਦਿੰਦੇ ਹਨ।







ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## ਅੱਜ ਨਾਮਾ

ਫਿਰਕੂ ਲਹਿਰ ਹੈ ਉੱਠਦੀ ਫੇਰ ਲੱਗਦੀ,
ਥਾਂ-ਥਾਂ ਦੰਗੇ ਦੀ ਖਬਰ ਹੀ ਆਏ ਬੇਲੀ।
ਬਦਲਦੇ ਰਾਜਾਂ ਦੇ ਨਾਮ ਨੇ ਖਬਰ ਵਾਲੇ,
ਵੇਰਵੇ ਹੁੰਦੇ ਸਭ ਉਹੀ ਬਤਲਾਏ ਬੇਲੀ।
ਭਾਈਚਾਰੇ ਦੋ ਭਾਰਤ ਵਿੱਚ ਮੁੱਖ ਜਿਹੜੇ,
ਮੁੜ-ਮੁੜ ਜਾਂਦੇ ਈ ਦੋਵੇਂ ਫਸਾਏ ਬੇਲੀ।
ਦੋਵਾਂ ਪਾਸੇ ਹੀ ਜਾਣ ਭੜਕਾਉਣ ਓਹ ਹੀ,
ਜਿਹੜੇ ਖ਼ੂਨ ਲਈ ਆਗੂ ਤਿਰਹਾਏ ਬੇਲੀ।
ਹਿੰਦੂ-ਮੁਸਲਿਮ ਨੂੰ ਚਾਹੀਦੀ ਅਕਲ ਬੇਲੀ,
ਰੱਖਣਾ ਚਾਹੀਦਾ ਕਾਇਮ ਆ ਅਮਨ ਬੇਲੀ।
ਸ਼ਰਾਰਤੀ ਉੱਲੂ ਨਹੀਂ ਦੇਣ ਉਜਾੜ ਆ ਕੇ,
ਸੋਹਣਾ ਭਾਰਤ ਦਾ ਕੁਦਰਤੀ ਚਮਨ ਬੇਲੀ।

**ਤੀਸ ਮਾਰ ਖਾਂ**

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ ਪ੍ਰੇਰਨ ਦੀ ਮੁਹਿੰਮ ਸ਼ੁਰੂ

### * ਆਪਣੇ ਪਿੰਡ ਕਿਸਾਨਾਂ ਦਾ ਇਕੱਠ ਕਰ ਕੇ ਅਪੀਲ ਕੀਤੀ

ਸੰਗਰੂਰ, 3 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਮੰਗਲਵਾਰ ਆਪਣੇ ਜੱਦੀ ਪਿੰਡ ਸਤੌਜ ਵਿੱਚ ਕਿਸਾਨਾਂ ਦਾ ਇਕੱਠ ਕਰ ਕੇ ਝੋਨੇ ਦੀ ਖੇਤੀ ਲਈ ਪਾਣੀ ਦੀ ਘੱਟ ਵਰਤੋਂ ਨੂੰ ਉਤਸ਼ਾਹਤ ਕਰਨ ਲਈ ਝੋਨੇ ਦੀ ਸਿੱਧੀ ਬਿਜਾਈ (ਡੀਐੱਸਆਰ) ਦੀ ਮੁਹਿੰਮਸ਼ੁਰੂ ਕੀਤੀ ਅਤੇ ਲੋਕਾਂ ਨੂੰ ਅਪੀਲ ਕੀਤੀ ਹੈ।

ਜੱਦੀ ਪਿੰਡ ਸਤੌਜ ਦੇ ਕਿਸਾਨਾਂ ਨੂੰ ਝੋਨੇ ਦੀ ਬਿਜਾਈ ਦੀ ਨਵੀਂ ਤਕਨੀਕ ਲਈ ਅਪੀਲ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਵੱਡੇ ਪੱਧਰ ਉੱਤੇ ਫ਼ਤਵਾ ਦਿੱਤਾ ਹੈ ਤਾਂ ਇਸਰਾਜਵਿੱਚਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਸਰਬ ਪੱਖੀ ਵਿਕਾਸ ਤੇ ਖੁਸ਼ਹਾਲੀ ਲਈ ਡੀ ਐੱਸ ਆਰ ਅਤੇ ਹੋਰ ਕਈ ਪਹਿਲਕਦਮੀਆਂ ਕਰਨ ਲਈ ਲੋਕਾਂ ਦੇ ਸਹਿਯੋਗ ਤੇ ਸਮਰਥਨ ਦੀ ਲੋੜ ਹੈ।ਇਸ ਤੋਂ ਇਲਾਵਾ ਇਹ ਯੋਗ ਸਮਾਂ ਹੈ ਕਿ ਝੋਨੇ ਬੀਜਣ ਲਈਬਦਲਵੀਂ ਤਕਨੀਕ ਵਰਤੀ ਜਾਵੇ, ਜਿਸ ਨਾਲ ਕੀਮਤੀ ਕੁਦਰਤੀ ਦਾਤ ਪਾਣੀ ਦੀ ਬੱਚਤ ਹੋ ਸਕਦੀ ਹੈ। ਡੀ ਐੱਸ ਆਰ ਤਕਨੀਕ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਝੋਨੇ ਦੀ ਖੇਤੀ ਲਈ ਪਾਣੀ ਬਚਾਉਣ ਦਾ ਇਹਢੰਗਵਰਤਣ ਵਾਲੇ ਕਿਸਾਨਾਂ ਨੂੰ 1500 ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇਗਾ।



ਇਸ ਮੌਕੇ ਭਗਵੰਤ ਮਾਨ ਨੇ ਸਤੌਜ ਦੇ ਕਿਸਾਨਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਖੇਤ ਡੀਐੱਸਆਰ ਵਿਧੀ ਨਾਲ ਝੋਨਾ ਬੀਜ ਕੇ ਪੰਜਾਬ ਲਈ ਮਿਸਾਲ ਪੇਸ਼ ਕਰਨੀ ਪਵੇਗੀ।ਪੰਜਾਬ ਵਿੱਚ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਮੱਕੀ, ਦਾਲਾਂ ਅਤੇ ਬਾਜਰੇ ਸਮੇਤ ਬਦਲਵੀਆਂ ਫ਼ਸਲਾਂ ਉੱਤੇ ਘੱਟੋ-ਘੱਟ ਸਮੱਰਥਨ ਮੁੱਲ (ਐੱਮ ਐੱਸ ਪੀ) ਦੇਵੇਗੀ ਅਤੇ ਇਨ੍ਹਾਂ ਦੀ ਪੈਦਾਵਾਰ ਆਪਣੀ ਜ਼ਿੰਮੇਵਾਰੀ ਉੱਤੇ ਵੇਚੇਗੀ।ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਦੌਰਾਨ ਕਿਸਾਨਾਂ ਨੂੰ ਖਾਦਾਂ, ਨਦੀਨਨਾਸ਼ਕ ਅਤੇ ਕੀਟਨਾਸ਼ਕਾਂ ਦੀ ਉੱਚ ਗੁਣਵੱਤਾ ਸਪਲਾਈਹੋਵੇਗੀ।ਉਨ੍ਹਾ ਕਿਹਾ ਕਿ ਬਿਜਲੀ ਦੀ ਸਮੱਸਿਆ ਨਹੀਂ ਹੋਣਦਿਆਂਗੇ,ਪੰਜਾਬ ਸਰਕਾਰ ਝਾਰਖੰਡ ਵਿੱਚਮਿਲੀਖਾਨ ਤੋਂ ਕੋਲੇ ਦੀ ਖੁਦਾਈ ਮੁੜ ਸ਼ੁਰੂ ਕਰੇਗੀ, ਜਿਹੜੀ 2015 ਤੋਂ ਬੰਦ ਸੀ। ਉਨ੍ਹਾਂ ਦੱਸਿਆ ਕਿ ਕੋਲੇ ਦੀ ਨਿਰਵਿਘਨ ਸਪਲਾਈ ਨਾਲ ਖੇਤੀ, ਘਰੇਲੂ ਅਤੇ ਉਦਯੋਗਿਕ ਖੇਤਰ ਲਈ ਬਿਜਲੀ ਸਪਲਾਈ ਆਮ ਵਾਂਗ ਹੋਵੇਗੀ। ਇਸ ਮੌਕੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਵਿਧਾਇਕ ਸੁਨਾਮ ਅਮਨ ਅਰੋੜਾ, ਉੱਚ ਅਧਿਕਾਰੀ ਹਾਜ਼ਰ ਸਨ।

## ਜੋਧਪੁਰ ਵਿੱਚ ਹਿੰਸਕ ਝੜਪਾਂ, ਚਾਰ ਪੁਲਿਸ ਮੁਲਾਜ਼ਮਾਂ ਸਣੇ ਕਈ ਲੋਕ ਜ਼ਖਮੀ

ਜੋਧਪੁਰ, 3 ਮਈ, (ਪੋਸਟ ਬਿਊਰੋ)- ਰਾਜਸਥਾਨ ਦੇ ਜੋਧਪੁਰ ਵਿੱਚ ਸੋਮਵਾਰ ਰਾਤ ਦੋ ਭਾਈਚਾਰਿਆਂ ਵਿਚਾਲੇ ਹਿੰਸਕ ਝੜਪਾਂ ਹੋਣ ਪਿੱਛੋਂ ਕਾਨੂੰਨ ਵਿਵਸਥਾ ਕਾਇਮਰੱਖਣ ਲਈ ਸ਼ਹਿਰ ਵਿੱਚ ਇੰਟਰਨੈੱਟ ਸੇਵਾਵਾਂ ਨੂੰ ਅਸਥਾਈ ਤੌਰ ਉੱਤੇਸਸਪੈਂਡ ਕਰ ਦਿੱਤਾ ਗਿਆ ਅਤੇ ਇਸ ਪਿੱਛੋਂ ਸਥਿਤੀ ਕਾਬੂ ਵਿੱਚ, ਪਰ ਤਨਾਅ ਵਾਲੀ ਹੈ।

ਵਰਨਣ ਯੋਗ ਹੈ ਕਿ ਜੋਧਪੁਰ ਦੇ ਜਲੌਰੀ ਗੇਟ ਚੌਕ ਦੇ ਬਾਲਮੁਕੰਦ ਬਿਸਾ ਸਰਕਲ ਉੱਤੇ ਭਗਵੇਂ ਝੰਡੇ ਝੁਲਾਉਣ ਦੀ ਥਾਂ ਇਸਲਾਮਿਕ ਚਿੰਨ੍ਹ ਵਾਲੇ ਝੰਡੇ ਲਾਉਣ ਨਾਲ ਲੜਾਈ ਸ਼ੁਰੂ ਹੋਈ ਸੀ। ਦੋਵਾਂ ਧਿਰਾਂ ਦਾ ਤਣਾਅ ਇੰਨਾ ਵਧ ਗਿਆ ਕਿ ਅੱਧੀ ਰਾਤ ਨੂੰ ਪਥਰਾਅ ਹੋਇਆ, ਜਿਸ ਵਿੱਚ ਕਈ ਲੋਕ ਜ਼ਖਮੀ ਹੋਏ ਹਨ। ਸੂਚਨਾ ਮਿਲਦੇ ਹੀ ਪੁਲਿਸ ਮੌਕੇ ਉੱਤੇ ਗਈ, ਪਰ ਭੀੜ ਦੇ ਬੇਕਾਬੂਹੋਣ ਕਾਰਨ ਪੁਲਿਸ ਨੂੰ ਲਾਠੀਚਾਰਜ ਕਰਨਾ ਪਿਆ।ਪੁਲਿਸ ਕਮਿਸ਼ਨਰਜੋਧਪੁਰ ਨਵਜਯੋਤੀ ਗੋਗੋਈ ਦਾ ਕਹਿਣਾ ਹੈ ਕਿ ਸਥਿਤੀ ਕਾਬੂ ਹੇਠ ਹੈ ਤੇਕੁਝ ਪੁਲਿਸ ਮੁਲਾਜ਼ਮਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ, ਜਿਸ ਬਾਰੇ ਅਸੀਂ ਜਾਂਚ ਕਰ ਰਹੇ ਹਾਂ। ਜੋਧਪੁਰ ਜ਼ਿਲਾ ਪ੍ਰਸ਼ਾਸਨ ਨੇ ਘਟਨਾ ਤੋਂ ਬਾਅਦ ਤਣਾਅਪੂਰਨ ਮਾਹੌਲ ਨੂੰ ਦੇਖ ਕੇ ਸਾਵਧਾਨੀ ਵਜੋਂ ਇੰਟਰਨੈੱਟ ਸੇਵਾਵਾਂ ਸਸਪੈਂਡ ਕੀਤੀਆਂ ਹਨ। ਝੜਪ ਦੌਰਾਨ ਭੀੜ ਨੂੰ ਖਿੰਡਾਉਣ ਦੀ ਕੋਸ਼ਿਸ਼ ਕਰਦੀ ਪੁਲਿਸ ਉੱਤੇ ਪਥਰਾਅ ਕੀਤੇਜਾਣ ਕਾਰਨ ਦੋ ਐਸਐਚਓ ਤੇ ਇੱਕ ਸਿਪਾਹੀ ਸਣੇ ਚਾਰ ਪੁਲੀਸ ਵਾਲੇ ਜ਼ਖ਼ਮੀ ਹੋ ਗਏ। ਇਸੇ ਘਟਨਾ ਦੀ ਸੂਚਨਾ ਇਕੱਠੀ ਕਰਦੇ ਚਾਰ ਮੀਡੀਆ ਕਰਮੀ ਵੀ ਜ਼ਖਮੀ ਹੋਏ ਹਨ।ਪਤਾ ਲੱਗਾ ਹੈ ਕਿ ਝਗੜਾ ਓਦੋਂ ਹੋਇਆ ਜਦੋਂ ਪਰਸ਼ੂਰਾਮ ਜੈਅੰਤੀ ਦੇ ਲਈ ਜੋਧਪੁਰ ਦੇ ਜਲੌਰੀ ਗੇਟ ਸਰਕਲ ਉੱਤੇ ਕੁਝ ਲੋਕਾਂ ਨੇ ਭਗਵਾ ਝੰਡਾ ਲਾ ਦਿੱਤਾ ਅਤੇ ਦੂਸਰੇ ਪਾਸੇ ਦੇ ਲੋਕਾਂ ਨੇ ਝੰਡਾ ਹਟਾ ਕੇ ਇਸਲਾਮਿਕ ਚਿੰਨ੍ਹ ਵਾਲਾ ਝੰਡਾ ਲਾ ਦਿੱਤਾ, ਜਿਸ ਤੋਂ ਵਿਵਾਦ ਪੈਦਾ ਹੋ ਗਿਆ।

## ਗਲਤੀਆਂ ਭਰਪੂਰ ਗੁਰੂ ਗ੍ਰੰਥ ਸਾਹਿਬ ਦਾ ਮਾਮਲਾ: ਅਕਾਲ ਤਖਤ ਵੱਲੋਂ ਥਮਿੰਦਰ ਸਿੰਘ ਆਨੰਦ ਤਨਖਾਹੀਆ ਕਰਾਰ, ਪੇਸ਼ ਹੋਣ ਦਾ ਹੁਕਮ

ਅੰਮ੍ਰਿਤਸਰ, 3 ਮਈ, (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਅਣ-ਅਧਿਕਾਰਤ ਤੌਰ ਉੱਤੇ ਛਾਪਣ ਅਤੇ ਗੁਰਬਾਣੀ ਨੂੰ ਕਥਿਤ ਤੌਰ ਉੱਤੇ ਤੋੜ-ਮਰੋੜ ਕੇ ਪੇਸ਼ ਕਰਨ ਦੇ ਦੋਸ਼ ਹੇਠ ਅਕਾਲ ਤਖ਼ਤ ਸਾਹਿਬ ਨੇ ਅਮਰੀਕਾ ਵਿਚਲੇ ਸਿੱਖਥਮਿੰਦਰ ਸਿੰਘ ਆਨੰਦ ਨੂੰ ਤਨਖਾਹੀਆ ਕਰਾਰ ਦੇਦਿੱਤਾ ਹੈ।



ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਪੰਜ ਸਿੰਘ ਸਾਹਿਬਾਨ ਨੇ ਇਸ ਗਲਤੀ ਲਈ ਥਮਿੰਦਰ ਸਿੰਘ ਆਨੰਦ ਨੂੰ ਅਕਾਲ ਤਖ਼ਤ ਵਿਖੇ ਪੇਸ਼ ਹੋਣ ਤੇ ਇਸ ਹਰਕਤ ਪਿੱਛੇ ਆਪਣੀ ਸੋਚ ਦੱਸਣ ਲਈ ਕਿਹਾ ਹੈ, ਤਾਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਆਫਲਾਈਨ ਅਤੇ ਆਨਲਾਈਨ ਛਪਾਈ ਉੱਤੇਰੋਕੀ ਸਕੇ। ਇਸ ਮੌਕੇ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਐਲਾਨਨਾਮੇ ਵਿੱਚ ਕਿਹਾ ਗਿਆ ਹੈ ਕਿ ਜਦੋਂ ਤੱਕਥਮਿੰਦਰ ਸਿੰਘ ਆਨੰਦ ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਨਹੀਂ ਹੁੰਦਾ, ਉਦੋਂ ਤੱਕ ਕੋਈ ਸਿੱਖ ਜਾਂ ਸਿੱਖ ਸੰਸਥਾ ਉਸ ਨਾਲ ਕਿਸੇ ਤਰ੍ਹਾਂ ਦੀ ਸਾਂਝ ਨਾ ਰੱਖੇ।

ਵਰਨਣ ਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਕਮੇਟੀ ਦੇ ਧਰਮ ਜਾਂਚ ਵਿਭਾਗ ਨੂੰ ਇਸ ਕੇਸ ਦੀ ਜਾਂਚ ਲਈ ਟੀਮ ਭੇਜਣ ਦੇ ਹੁਕਮ ਦਿੱਤੇ ਹਨ। ਸਕਿਹਬੋਕਚਲੁਬ।ਚੋਮ ਚਲਾਉਣ ਵਾਲੇ ਥਮਿੰਦਰ ਸਿੰਘ ਆਨੰਦ ਉੱਤੇ ਦੋਸ਼ ਹੈ ਕਿ ਉਸ ਨੇ ਨਾ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪੇ, ਸਗੋਂ ਵੈੱਬਸਾਈਟ ਉੱਤੇ ਇਸ ਦੀ ਪੀ ਡੀ ਐੱਫ ਅਪਲੋਡ ਕਰਦਾ ਹੈ।ਉਸ ਉੱਤੇ ਦੋਸ਼ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀਵੀ ਤੋੜ ਮਰੋੜ ਕੇ ਪੇਸ਼ ਕਰਦਾ ਹੈਅਤੇ ਇਸ ਵਿਚ ਵਿਆਕਰਣ ਦੀਆਂ ਗਲਤੀਆਂ ਸਨ, ਜਿਸ ਨਾਲ ਗੁਰਬਾਣੀ ਦੀਆਂ ਮੂਲ ਤੁਕਾਂ ਨੂੰ ਬਦਲ ਦਿੱਤਾ ਹੈ। ਇਸ ਸਾਰੇ ਕੁਝ ਨੂੰ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਕਰਾਰ ਦੇ ਕੇ ਜਥੇਦਾਰ ਨੇ ਕਿਹਾ ਕਿ ਗੁਰਬਾਣੀ ਦੇਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਦੂਸਰੇ ਪਾਸੇ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਥਮਿੰਦਰਸਿੰਘ ਆਨੰਦ ਨੇ ਸ੍ਰੀ ਅਕਾਲ ਤਖ਼ਤਨੂੰ ਆਪਣਾ ਪੱਖਭੇਜਿਆ ਸੀ, ਪਰ ਤਸੱਲੀਬਖਸ਼ ਨਹੀਂ ਸੀਮੰਨਿਆ ਗਿਆ। ਅਮਰੀਕਾ ਵਾਸੀ ਥਮਿੰਦਰ ਸਿੰਘ ਅਨੰਦ ਵੱਲੋਂ ਆਏ ਈਮੇਲ ਸੁਨੇਹਿਆਂ ਵਿੱਚ ਉਨ੍ਹਾਂਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਸਿੱਖ ਮਸਲਿਆਂ ਪ੍ਰਤੀ ਚਿੰਤਤ ਨਹੀਂ। ਉਨ੍ਹਾਂ ਕਿਹਾ ਕਿ ਪਾਵਨ ਸਰੂਪ ਦੀ ਛਪਾਈ ਸਮੇਂ ਹੋਈਆਂ ਗ਼ਲਤੀਆਂ ਸੁਧਾਰਨਲਈ ਕਈ ਕਮੇਟੀਆਂ ਬਣੀਆਂ, ਪਰ ਇਨ੍ਹਾਂ ਦੀਆਂ ਸਿਫ਼ਾਰਸ਼ਾਂ ਕਦੇ ਲਾਗੂ ਨਹੀਂ ਹੋਈਆਂ। ਉਨ੍ਹਾਂ ਅਕਾਲ ਤਖ਼ਤਦੇ ਜਥੇਦਾਰ ਨੂੰ ਕਿਹਾ ਕਿ ਉਹ ਸਿੱਖਸੰਗਤ ਨੂੰ ਦੱਸਣ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਾਵਨ ਸਰੂਪ ਦੀ ਛਪਾਈ ਕਰਦੇ ਵਕਤ ਕਿਸ ਹੱਥ ਲਿਖਤ ਸਰੂਪ ਨਾਲ ਮੇਲ ਕੇ ਸੋਧਣ ਦੀ ਪਾਲਣਾ ਕੀਤੀ ਗਈ ਸੀ।

## ਕੈਪਟਨ ਅਮਰਿੰਦਰ ਦੇ ਮੁਤਾਬਕ 2024 ਵਿੱਚ ਭਾਰਤ ਨੂੰ ਸਥਿਰ ਅਤੇ ਮਜ਼ਬੂਤ ਸਰਕਾਰ ਦੀ ਲੋੜ

ਚੰਡੀਗੜ੍ਹ, 3 ਮਈ, (ਗਿਆਨ ਸਿੰਘ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਏਥੇ ਕਿਹਾ ਕਿ ਸਾਲ 2024 ਦੀਆਂ ਪਾਰਲੀਮੈਂਟ ਚੋਣਾਂ ਭਾਰਤ ਦੇ ਲੋਕਾਂ ਲਈ ਇਸ ਕਰ ਕੇ ਅਹਿਮ ਹਨ ਕਿ ਏਥੇ ਸਥਿਰ ਅਤੇ ਮਜ਼ਬੂਤ ਸਰਕਾਰ ਦੀ ਲੋੜ ਹੈ।



ਪਿਛਲੀਆਂ ਵਿਧਾਨ ਸਭਾ ਚੋਣਾਂ ਲੜਨ ਵਾਲੇ ਪੀਐੱਲਸੀ (ਪੰਜਾਬ ਲੋਕ ਕਾਂਗਰਸ) ਉਮੀਦਵਾਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਵਿਸ਼ਵ ਵਿੱਚ ਮੌਜੂਦਾ ਰਾਜਨੀਤਿਕ ਸਥਿਤੀ ਕਾਰਨ ਰੂਸ-ਯੂਕਰੇਨ ਯੁੱਧ ਵੱਲ ਵੇਖਦੇ ਹੋਏ ਭਾਰਤ ਨੂੰ ਸਥਿਰ, ਪਰਿਪੱਕ ਅਤੇ ਮਜ਼ਬੂਤ ਲੀਡਰਸ਼ਿਪ ਦੀ ਲੋੜ ਸੀ, ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਨ।ਇਸ ਮੀਟਿੰਗ ਵਿੱਚ ਪ੍ਰਦੇਸ਼ ਭਾਜਪਾ ਦੇ ਜਨਰਲ ਸੈਕਟਰੀ ਸੁਭਾਸ਼ ਸ਼ਰਮਾ ਵੀ ਸ਼ਾਮਲ ਸਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਚਾਰ ਨਗਰ ਨਿਗਮਾਂ ਲੁਧਿਆਣਾ, ਪਟਿਆਲਾ, ਅੰਮ੍ਰਿਤਸਰ ਅਤੇ ਜਲੰਧਰ ਦੀਆਂ ਚੋਣਾਂ ਪੀਐੱਲਸੀ ਅਤੇ ਭਾਜਪਾ ਮਿਲ ਕੇ ਲੜਨਗੀਆਂ। ਮੀਟਿੰਗ ਵਿੱਚਪੰਜਾਬ ਦੀ ਮੌਜੂਦਾ ਸਥਿਤੀ ਅਤੇ ਵਿਧਾਨ ਸਭਾ ਦੋਣਾਂ ਵਿੱਚ ਇਸ ਪਾਰਟੀ ਦੇ ਉਮੀਦਵਾਰਾਂ ਦੀ ਕਾਰਗੁਜ਼ਾਰੀ ਦਾ ਵੀ ਜਾਇਜ਼ਾ ਲਿਆ ਗਿਆ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਲੋਕਾਂ ਨੇ ਵੱਡੀ ਆਸ ਨਾਲ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਹਨ, ਪਰਆਸ ਤੋਂ ਪਹਿਲਾਂ ਸਰਕਾਰ ਬਾਰੇ ਨਿਰਾਸ਼ਾ ਪੈਦਾ ਹੋਈ ਹੈ।ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨਾ ਸਿਰਫ਼ ਵਾਅਦਿਆਂ ਤੋਂ ਪਿੱਛੇ ਹਟੀ ਹੈ, ਸਗੋਂ ਇਸ ਨੇ ਪੰਜਾਬੀਆਂ ਦਾ ਅਧਿਕਾਰ ਖੋਹ ਕੇ ਉਨ੍ਹਾਂ ਦੇ ਮਾਣ ਨੂੰ ਠੇਸ ਲਾਈ ਹੈ, ਪਰ ਅਰਵਿੰਦ ਕੇਜਰੀਵਾਲ ਵਰਗੇ ਬੰਦੇਵੱਲੋਂਦਿੱਲੀ ਤੋਂ ਸਰਕਾਰ ਚਲਾਉਣ ਵਾਲੇ ਨੂੰ ਪੰਜਾਬੀਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਦੱਸਿਆ ਕਿ ਜਿੱਦਾਂ ਕੇਜਰੀਵਾਲ ਦਿੱਲੀਵਿੱਚ ਪੰਜਾਬ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕਰ ਕੇ ਉਨ੍ਹਾਂ ਨੂੰ ਹੁਕਮ ਜਾਰੀ ਕਰਦਾ ਹੈ, ਇਹ ਗੈਰ ਸੰਵਿਧਾਨਕ ਅਤੇ ਪ੍ਰਵਾਨ ਨਾ ਕਰਨ ਯੋਗ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

## ਹਰਮੀਤ ਸਿੰਘ ਕਾਲਕਾ ਵੱਲੋਂ ਦੋਸ਼: ਬਾਦਲ ਦਲ ਵੱਲੋਂ ਦਫ਼ਤਰ ਉੱਤੇ ਕਬਜ਼ੇ ਲਈ ਅਖੰਡ ਪਾਠ ਕਰਵਾ ਕੇ ਬੇਅਦਬੀ ਕੀਤੀ ਗਈ

ਅੰਮ੍ਰਿਤਸਰ, 3 ਮਈ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਇਹ ਦੋਸ਼ ਲਾਇਆ ਹੈ ਕਿ ਸਿੱਖ ਪੰਥ ਵਿੱਚ ਨਵੀਆਂ ਸਾਜ਼ਿਸ਼ਾਂ ਘੜ ਕੇ ਲੜਾਈਆਂ ਕਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਦਫਤਰ ਦੇ ਵਿਵਾਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਜਾ ਰਹੀ ਹੈ।



ਹਰਮੀਤ ਸਿੰਘ ਕਾਲਕਾ ਦੇ ਮੁਤਾਬਲ ਪੰਜਾਬ ਵਿੱਚ ਅੱਜ ਤਕ ਜਿੰਨੀਆਂ ਬੇਅਦਬੀਆਂ ਹੋਈਆਂ, ਉਨ੍ਹਾਂ ਨਾਲੋਂ ਵੱਡੀ ਨਿਰਾਦਰ ਵਾਲੀ ਗੱਲਹੈ ਕਿ ਇੱਕ ਦਫ਼ਤਰ ਉੱਤੇ ਕਬਜ਼ਾ ਕਰਨ ਲਈ ਲਗਾਤਾਰ 18 ਅਪ੍ਰੈਲ ਤੋਂ ਇਹ ਕਹਿ ਕੇ ਅਖੰਡ ਪਾਠ ਕਰਾਏ ਜਾ ਰਹੇ ਹਨ ਕਿ ਇਹ ਬੰਦੀ ਸਿੰਘਾਂ ਦੀ ਰਿਹਾਈ ਲਈ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਅਖੰਡ ਪਾਠ ਅਸਲ ਵਿੱਚ ਗੁਰਦੁਆਰਾ ਰਕਾਬ ਗੰਜ ਸਾਹਿਬ ਵਿੱਚ ਨਾ ਕਰਵਾ ਕੇ ਇੱਕ ਦਫ਼ਤਰ ਵਿਚ ਕਰਵਾਉਣ ਦਾ ਮਕਸਦ ਸਿਰਫ਼ ਉਸ ਦਫ਼ਤਰ ਉੱਤੇ ਕਬਜ਼ਾ ਰੱਖਣਾ ਹੈ, ਜਿੱਥੇ ਬਾਦਲ ਅਕਾਲੀ ਦਲ ਦੇ ਲੀਡਰ ਅਤੇ ਕੁਝ ਨਿਹੰਗ ਸਿੰਘ ਬੈਠੇ ਹਨ।

ਇਸ ਦੇ ਨਾਲ ਹੀ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਪੰਜ ਕਰੋੜ ਰੁਪਏ ਦਿੱਲੀ ਵਿੱਚ ਪ੍ਰਚਾਰ ਲਈ ਐਲਾਨ ਕਰਨਾ ਵੀ ਸਿਆਸਤ ਤੋਂ ਘੱਟ ਨਹੀਂ। ਉਨ੍ਹਾਂ ਕਿਹਾ ਕਿ ਪੰਜ ਕਰੋੜ ਰੁਪਏ ਦੇ ਐਲਾਨ ਤੋਂ ਪਹਿਲਾਂ ਐਗਜ਼ੈਕਟਿਵ ਤੋਂ ਇਸ ਦੀ ਪ੍ਰਵਾਨਗੀ ਨਹੀਂ ਲਈ। ਉਨ੍ਹਾਂ ਕਿਹਾ ਕਿ ਜਿਹੜੇ ਇਲਾਜ ਦੀਆਂ ਗੱਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਕਰਦੇ ਹਨ, ਇਹ ਇਲਾਜ ਦਿੱਲੀਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਤਾਂ ਨੂੰ ਪਹਿਲਾਂ ਹੀ ਪੰਜਾਹ ਰੁਪਏ ਵਿੱਚ ਕਰਾ ਰਹੀ ਹੈ। ਕਾਲਕਾ ਨੇ ਸ਼੍ਰੋਮਣੀ ਕਮੇਟੀ ਉੱਤੇ ਦੋਸ਼ ਲਾਇਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਲਈ ਆਉਂਦੀਆਂ ਦਿੱਲੀ ਦੀਆਂ ਸੰਗਤਾਂ ਨੂੰ ਸਰਾਵਾਂ ਵਿੱਚ ਕਮਰੇ ਨਹੀਂ ਦਿੱਤੇ ਜਾਂਦੇ ਤੇ ਕਿਹਾ ਜਾਂਦਾ ਹੈ ਕਿ ਸਰਾਵਾਂ ਫੁੱਲ ਹਨ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਸੰਗਤਾਂ ਨਾਲ ਸ਼੍ਰੋਮਣੀ ਕਮੇਟੀ ਵਿਤਕਰਾ ਕਰਦੀ ਹੈ, ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦਿੱਲੀ ਦੀਆਂ ਸੰਗਤਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁਫਤ ਦਰਸ਼ਨ ਕਰਵਾਉਣ ਲਈ ਬੱਸਾਂ ਦੀ ਸਹੂਲਤ ਸ਼ੁਰੂਕਰ ਦਿੱਤੀ ਹੈ, ਜਦਕਿ ਸ਼੍ਰੋਮਣੀ ਕਮੇਟੀ ਨੇ ਪੰਜਾਬ ਤੋਂ ਦਿੱਲੀ ਦੇ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਲਈ ਸੰਗਤਾਂ ਨੂੰ ਇਹ ਸਹੂਲਤ ਕਦੇ ਵੀ ਨਹੀਂ ਦਿੱਤੀ।

## ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੂੰ ਸਰਕਾਰੀ ਕੋਠੀ ਖਾਲ੍ਹੀ ਕਰਨ ਲਈ ਨੋਟਿਸ ਜਾਰੀ

ਚੰਡੀਗੜ੍ਹ, 3 ਮਈ (ਪੋਸਟ ਬਿਊਰੋ): ਪੰਜਾਬ ਸਰਕਾਰ ਵੱਲੋਂ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੂੰ ਨੋਟਿਸ ਜਾਰੀ ਕਰਦਿਆਂ ਸਰਕਾਰੀ ਕੋਠੀ ਖਾਲੀ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਨੋਟਿਸ ਰਾਹੀਂ ਪੰਜਾਬ ਸਰਕਾਰ ਵੱਲੋਂ 5 ਮਈ ਤੱਕ ਸਰਕਾਰੀ ਕੋਠੀ ਖਾਲ੍ਹੀ ਕਰਨ ਲਈ ਕਿਹਾ ਗਿਆ ਹੈ।

ਸਰਕਾਰ ਵਲੋਂ ਜਾਰੀ ਕੀਤੇ ਇਸ ਨੋਟਿਸ 'ਚ ਕਿਹਾ ਗਿਆ ਹੈ ਕਿ ਤੁਹਾਨੂੰ ਵਾਈਸ ਚੇਅਰਪਰਸਨ, ਪੰਜਾਬ ਰਾਜ ਯੋਜਨਾ ਬੋਰਡ ਦੇ ਅਹੁਦੇ ਕਾਰਨ ਕੈਬਨਿਟ ਰੈਂਕ ਅਨੁਸਾਰ ਕੈਬਨਿਟ ਮੰਤਰੀਆਂ ਦੀ ਤਰਜ਼ 'ਤੇ ਮੁੱਖ ਮੰਤਰੀ ਪੂਲ ਦੀ ਕੋਠੀ ਅਲਾਟ ਕੀਤੀ ਗਈ ਸੀ। ਪਰ ਹੁਣ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਪੰਜਾਬ ਰਾਜ ਯੋਜਨਾ ਬੋਰਡ ਤੁਰੰਤ ਪ੍ਰਭਾਵ ਤੋਂ ਭੰਗ ਕਰ ਦਿੱਤਾ ਗਿਆ ਹੈ। ਜਿਕਰਯੋਗ ਹੈ ਕਿ ਰਜਿੰਦਰ ਕੌਰ ਭੱਠਲ ਨੂੰ ਚੰਡੀਗੜ੍ਹ ਦੇ ਸੈਕਟਰ 2 'ਚ ਕੋਠੀ ਨੰਬਰ 8 ਮਿਲੀ ਹੋਈ ਹੈ। ਕੋਠੀ ਦੇ ਬਿਜਲੀ ਤੇ ਪਾਣੀ ਦਾ ਬਿੱਲ ਵੀ ਪੀਡਬਲਯੂਡੀ ਵਿਭਾਗ ਵੱਲੋਂ ਭਰਿਆ ਜਾਂਦਾ ਹੈ ਜੋ ਲੱਖਾਂ ਰੁਪਏ ਮਹੀਨੇ ਦੇ ਬਣਦੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਵੈਨਕੂਵਰ ਵਿਚ ਬੱਬੂ ਮਾਨ ਦੇ ਸ਼ੋਅ ਨੇ ਇਤਿਹਾਸ ਰਚਿਆ

## ਪਹਿਲੇ ਦੱਖਣੀ ਏਸ਼ੀਆਈ ਕਲਾਕਾਰ ਨੂੰ ਪੀ ਐਨ ਈ ਭਰਨ ਦਾ ਮਾਣ ਹੋਇਆ ਹਾਸਿਲ





ਵੈਨਕੂਵਰ (ਪੋਸਟ ਬਿਊਰੋ): ਕੈਨੇਡਾ ਦੇ ਪ੍ਰਸਿੱਧ ਸ਼ਹਿਰ ਵੈਨਕੂਵਰ ਦੇ ਵਿਚ 30 ਅਪ੍ਰੈਲ ਨੂੰ ਕਰਵਾਇਆ ਗਿਆ ਬੱਬੂ ਮਾਨ ਦਾ ਸ਼ੋਅ, ਪੰਜਾਬੀ ਸੰਗੀਤ ਦਾ ਹੁਣ ਤਕ ਦਾ ਸਭ ਤੋਂ ਵੱਡਾ ਸ਼ੋਅ ਹੋ ਨਿਬੜਿਆ ਹੈ । ਕੈਨੇਡਾ ਦੇ ਸਬ ਤੋਂ ਵੱਡੇ ਮੰਨੇ ਜਾਂਦੇ ਹਾਲ ਪੀ.ਐਨ.ਏ. ਇਸ ਸ਼ੋ ਦਾ ਪ੍ਰਬੰਧ ਕੀਤਾ ਗਿਆ ਸੀ ਬੱਬੂ ਮਾਨ ਇਸ ਸ਼ੋ ਉਪਰੰਤ ਪਹਿਲਾ ਦੱਖਣੀ ਏਸ਼ੀਆਈ ਕਲਾਕਾਰ ਬਣ ਗਿਆ ਹੈ ਜਿਸ ਨੂੰ ਸੁਣਣ ਲਾਇ ਦਰਸ਼ਕਾਂ ਨਾਲ ਪੀ.ਐਨ.ਏ. ਹਾਲ ਭਰਨ ਦਾ ਮਾਣ ਮਿਲਿਆ ਹੈ

ਮਿਲੀ ਜਾਣਕਾਰੀ ਅਨੁਸਾਰ ਬੱਬੂ ਮਾਨ ਇਹਨਾਂ ਦਿਨਾਂ ਚ ਉਤਰੀ ਅਮਰੀਕਾ ਦੇ ਸੰਗੀਤਕ ਦੌਰੇ ਤੇ ਹਨ ਕੋਵਿਡ ਕਾਰਨ ਪਿਛਲੇ ਕਈ ਸਾਲਾਂ ਕੈਨੇਡਾ ਚ ਕੋਈ ਸੰਗੀਤਕ ਸ਼ੋਅ ਨਹੀਂ ਹੋ ਸਕਿਆ ਸੀ ਅਤੇ ਬੱਬੂ ਨੇ ਆਖਰੀ ਵਾਰ 2018 ਚ ਇਥੇ ਸ਼ੋ ਕੀਤਾ ਸੀ ਜਿਸ ਦੇ ਚਲਦਿਆਂ ਇਸ ਸ਼ੋ ਲਾਈ ਬੱਬੂ ਦੇ ਪ੍ਰਸੰਸਕਾਂ ਚ ਅਥਾਹ ਉਤਸ਼ਾਹ ਦੇਖਣ ਨੂੰ ਮਿਲਿਆ ਭਾਵੇਂ ਕਿ ਪ੍ਰਬੰਧਕਾਂ ਨੇ ਇਸ ਵਾਰ ਬਹੁਤੀਆਂ ਟਿਕਟਾਂ ਆਨ ਲਾਈਨ ਹੀ ਵੇਚੀਆਂ ਬਾਬਜੂਦ ਟਿਕਟਾਂ ਲੈਣ ਲਈ ਮੁਖ ਦਫਤਰ ਸਰੀ ਚ ਲਾਈਨਾਂ ਲੱਗੀਆਂ ਰਹੀਆਂ। ਪਿਛਲੇ ਸਮਿਆਂ ਚ ਵੱਖ ਵੱਖ ਕਲਾਕਾਰਾਂ ਦੇ ਸ਼ੋਆਂ ਚ ਲੜਾਈ ਝਗੜੇ ਨੂੰ ਦੇਖਦਿਆਂ ਪ੍ਰਬੰਧਕਾਂ ਵਲੋਂ ਬੱਬੂ ਦੇ ਸ਼ੋ ਨੂੰ ਇਕ ਵਿਲੱਖਣ ਢੰਗ ਨਾਲ ਵਿਉਂਤਿਆ ਗਿਆ ਦਰਜਨਾਂ ਗੱਡੀਆਂ ਪੁਲਿਸ ਦੀਆ ਤੋਂ ਇਲਾਵਾ ਸੈਂਕੜਿਆਂ ਚ ਪ੍ਰਾਈਵੇਟ ਸਕਿਉਰਿਟੀ ਦਾ ਪ੍ਰਬੰਧ ਕੀਤਾ ਗਿਆ

ਬੱਬੂ ਮਾਨ ਦੇ ਸ਼ੋ ਤੋਂ ਰੋਮਾਂਚਿਤ ਪੀ ਐਨ ਈ ਦੇ ਪ੍ਰਬੰਧਕਾਂ ਨੇ ਜਿਥੇ ਆਪਣੇ ਅਫ਼ੀਸ਼ੀਲੀ ਟਵੀਟਰ ਤੇ ਇਸ ਸ਼ੋ ਤੇ ਸੋਲਡ ਆਊਟ ਹੋਣ ਦੀ ਪੁਸ਼ਟੀ ਕੀਤੀ ਓਥੇ ਹੀ ਪੀ ਐਨ ਈ ਦੇ ਡਾਇਰੈਕਟਰ ਰਿਚਰਡ ਪ੍ਰਸੇਲ ਨੇ ਸ਼ੋ ਦੌਰਾਨ ਸਟੇਜ ਤੇ ਆ ਕੇ ਐਲਾਨ ਕੀਤਾ ਕੇ ਵੈਨਕੂਵਰ ਦੇ ਇਸ ਵੱਡੇ ਹਾਲ ਨੂੰ ਕਿਸੇ ਦੱਖਣੀ ਏਸ਼ੀਆਈ ਕਲਾਕਾਰ ਦੇ ਸ਼ੋ ਲਾਇ ਪੂਰਾ ਖੋਲਣ ਚ ਉਹ ਅਤਿਅੰਤ ਰੁਮਾਂਚਿਤ ਹਨ। ਇਸ ਮੌਕੇ ਊਨਾ ਬੱਬੂ ਮਾਨ ਦੀ ਤਸਵੀਰ ਪੀ ਐਨ ਈ ਦੇ ਹਾਲ ਆਫ ਫ਼ੇਮ ਚ ਲਗਾਉਣ ਦਾ ਵੀ ਐਲਾਨ ਕੀਤਾ। ਜਿਸ ਦਾ ਦਰਸ਼ਕਾਂ ਨੇ ਤਾੜੀਆਂ ਨਾਲ ਸਵਾਗਤ ਕੀਤਾ। ਕਈ ਘੰਟੇ ਚਲੇ ਇਸ ਸ਼ੋ ਦੌਰਾਨ ਦਰਸ਼ਕ ਬੱਬੂ ਦੇ ਗੀਤਾਂ ਤੇ ਝੂਮਦੇ ਰਹੇ

ਇਸ ਸ਼ੋਅ ਦੇ ਪ੍ਰਬੰਧਕਾਂ ਵਿਚ ਬਲਜਿੰਦਰ ਸਿੰਘ ਸੰਘਾ,ਮਨਜੀਤ ਮਾਂਗਟ , ਜੀਵਨ ਸਿੱਧੂ , ਜੱਸੀ ਟਿਵਾਣਾ ਅਤੇ ਧਰਮਿੰਦਰ ਮਾਵੀ ਨੇ ਮੁੱਖ ਭੂਮਿਕਾ ਨਿਭਾਈ। ਸਰਦਾਰ ਸੰਘਾ ਨੇ ਦੱਸਿਆ ਕਿ ਇਸ ਵਾਰ ਵੱਡੀ ਜ਼ਿੰਮੇਵਾਰੀ ਸੀ ਓਹਨਾ ਵੈਨਕੂਵਰ ਦੇ ਵੱਖ ਵੱਖ ਸ਼ਹਿਰਾਂ ਤੋਂ ਪੁਜੇ ਦਰਸ਼ਕਾਂ ਦਾ ਧੰਨਵਾਦ ਕੀਤਾ ਤੇ ਅੱਗੇ ਨੂੰ ਇਸ ਪਿਰਤ ਨੂੰ ਬਰਕਰਾਰ ਰੱਖਣ ਦਾ ਐਲਾਨ ਵੀ ਕੀਤਾ

ਇਸ ਸ਼ੋ ਦੇ ਸਾਊਂਡ ਸਿਸਟਮ ਅਤੇ ਟੈਚਨੀਕੈਲ ਪ੍ਰਬੰਧਾਂ ਚ ਸਾਈ ਪ੍ਰੋਡਕਸ਼ਨ ਵਲੋਂ ਨਿਰਮਲ ਧਾਲੀਵਾਲ ਦਾ ਵਿਸੇਸ ਸਹਿਯੋਗ ਰਿਹਾ


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer**<br>**Marketing:** | **Bhupinder Dhillon**<br>**Sajandeep Singh** |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


# ਲੱਖਾਂ ਦੀ ਚੋਰੀ ਦੇ ਕੇਸ ਵਿੱਚ ਫਗਵਾੜਾ ਦੇ ਜਿਊਲਰਜ਼ ਸਣੇ ਤਿੰਨ ਜਣੇ ਗ੍ਰਿਫ਼ਤਾਰ

ਜਲੰਧਰ, 3 ਮਈ (ਪੋਸਟ ਬਿਊਰੋ)- ਸਥਾਨਕ ਸੈਂਟਰਲ ਟਾਊਨ ਵਿੱਚ ਇੱਕ ਘਰ ਦੇ ਤਾਲੇ ਤੋੜ ਕੇ ਅੰਦਰੋਂ ਲੱਖਾਂ ਰੁਪਏ ਦੀ ਚੋਰੀ ਦਾ ਮਾਮਲਾ ਪੁਲਸ ਨੇ ਟਰੇਸ ਕਰ ਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਡਿਪਟੀ ਕਮਿਸ਼ਨਰ ਪੁਲਸ (ਡੀ ਸੀ ਪੀ)ਦੇ ਮੁਤਾਬਕ ਲੈਦਰ ਕਾਰੋਬਾਰੀ ਸੈਂਟਰਲ ਟਾਊਨ ਨਿਵਾਸੀ ਕਮਲ ਸ਼ਰਮਾ ਨੇ ਦੱਸਿਆ ਸੀ ਕਿ ਉਹ ਪਰਵਾਰ ਸਮੇਤ ਬਾਹਰ ਗਏ ਸਨ। ਘਰ ਦੀ ਦੇਖ-ਭਾਲ ਲਈ ਸ਼ਾਮ ਨੂੰ ਉਨ੍ਹਾਂ ਦਾ ਭਰਾ ਸੌਣ ਲਈ ਆਉਂਦਾ ਸੀ। 9 ਅਪ੍ਰੈਲ ਨੂੰ ਉਨ੍ਹਾਂ ਦਾ ਭਰਾ ਦੇਰ ਸ਼ਾਮ ਘਰ ਸੌਣ ਲਈ ਆਇਆ ਤਾਂ ਉਸਨੇ ਦੱਸਿਆ ਕਿ ਘਰ ਅਤੇ ਅਲਮਾਰੀਆਂ ਦੇ ਤਾਲੇ ਟੁੱਟੇ ਪਏ ਹਨ ਅਤੇ ਲੱਖਾਂ ਦੇ ਗਹਿਣੇ ਤੇ ਲੱਖਾਂ ਰੁਪਏ ਨਕਦੀ ਗਾਇਬ ਹੈ।ਜਾਂਚ ਵਿੱਚ ਸੀ ਸੀ ਟੀ ਵੀ ਫੁਟੇਜ ਦੇ ਆਧਾਰ ਉੱਤੇ ਪੁਲਸ ਨੇ ਹਰਪ੍ਰੀਤ ਸਿੰਘ ਉਰਫ਼ ਹੈਪੀ ਵਾਸੀ ਰਾਣੀਪੁਰ ਕੰਬੋਆਂ (ਫਗਵਾੜਾ) ਨੂੰ ਗ੍ਰਿਫ਼ਤਾਰ ਕਰ ਕੇ ਉਸ ਤੋਂ ਪੁੱਛਗਿੱਛ ਕੀਤੀ। ਹੈਪੀ ਨੇ ਦਸਿਆ ਕਿ ਚੋਰੀ ਦਾ ਸਾਮਾਨ ਫਗਵਾੜਾ ਦੇ ਮਹਿਤਾ ਜਿਊਲਰਸ ਬਾਂਸਾਂ ਵਾਲਾ ਬਾਜ਼ਾਰ ਨੂੰ ਵੇਚਿਆ ਸੀ। ਪੁਲਸ ਨੇ ਰਾਕੇਸ਼ ਵਰਮਾ ਉਰਫ ਟੀਟੂ ਵਾਸੀ ਖਲਵਾੜਾ ਗੇਟ ਫਗਵਾੜਾ, ਸੁਨਿਆਰੇ ਦੀ ਦੁਕਾਨ ਉੱਤੇ ਕੰਮ ਕਰਦੇ ਕਾਰੀਗਰ ਬਿਬੇਸ਼ ਸ਼ਸ਼ਮਲ ਵਾਸੀ ਵੈਸਟ ਬੰਗਾਲ ਨੂੰ ਫੜ ਕੇ ਉਨ੍ਹਾਂ ਕੋਲੋਂ ਚੋਰੀ ਦੇ ਲੱਖਾਂ ਰੁਪਏ ਕੀਮਤ ਦੇ ਗਹਿਣੇ ਅਤੇ ਚਾਰ ਲੱਖ 9 ਹਜ਼ਾਰ 671 ਰੁਪਏ ਦੀ ਨਕਦੀ ਬਰਾਮਦ ਕੀਤੀ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

**ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org**

**IPTV ਦੁਆਰਾ ਸਤਸੰਗ ਦੇਖੋ**

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
**647-739-4641**
**346-714-0224**




# ਜਰੂਰੀ ਬੇਨਤੀ

## ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

## ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

## ਭਾਰੀ ਸਮਾਗਮ



**ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।**

**ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508**
**ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756**

# ਲੱਕ ਤੋੜ ਮਹਿੰਗਾਈ ਅਤੇ ਭਾਰਤੀ ਸਰਕਾਰ

ਡਾ. ਰਾਜੀਵ ਖੋਸਲਾ



18 ਅਪ੍ਰੈਲ ਨੂੰ ਸਰਕਾਰ ਦੁਆਰਾ ਜਾਰੀ ਕੀਤੇ ਅੰਕੜਿਆਂ ਅਨੁਸਾਰ, ਭਾਰਤ ਵਿਚ ਮਾਰਚ ਦੇ ਮਹੀਨੇ ਵਿਚ ਦਰਜ ਹੋਈ ਥੋਕ ਮਹਿੰਗਾਈ ਦੀ ਦਰ 14.55% ਰਹੀ ਜੋ ਕਿ ਅਪ੍ਰੈਲ 2021 ਤੋਂ ਸ਼ੁਰੂ ਹੋ ਕੇ ਲਗਾਤਾਰ 12ਵੇਂ ਮਹੀਨੇ ਦੌਰਾਨ ਦੋਹਰੇ ਅੰਕਾਂ ਵਿਚ ਬਣੀ ਹੋਈ ਹੈ। ਤਿੰਨੋਂ ਪ੍ਰਮੁੱਖ ਸ੍ਰੇਣੀਆਂ ਅਰਥਾਤ ਭੋਜਨ ਅਤੇ ਗੈਰ-ਭੋਜਨ ਵਸਤੂਆਂ, ਈਂਧਨ ਅਤੇ ਬਿਜਲੀ ਤੇ ਨਿਰਮਿਤ ਵਸਤੂਆਂ ਦੀ ਮਹਿੰਗਾਈ, ਮਾਰਚ ਵਿਚ ਦੋਹਰੇ ਅੰਕਾਂ ਵਿਚ ਦਰਜ ਕੀਤੀ ਗਈ ਹੈ। ਧਿਆਨ ਕੇਂਦਰਿਤ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਥੋਕ ਮਹਿੰਗਾਈ (14.55%) (ਜੋ ਕਿ ਉਤਪਾਦਕ ਦਾ ਦ੍ਰਿਸ਼ਟੀਕੋਣ ਦਰਸ਼ਾਉਂਦੀ ਹੈ) ਅਤੇ ਪ੍ਰਚੂਨ ਮਹਿੰਗਾਈ (6.95%) (ਜੋ ਕਿ ਉਪਭੋਗਤਾਵਾਂ ਦਾ ਦ੍ਰਿਸ਼ਟੀਕੋਣ ਦਰਸ਼ਾਉਂਦੀ ਹੈ) ਵਿਚ ਕਾਫੀ ਅੰਤਰ ਹੈ ਜਿਸ ਦਾ ਸਿੱਧਾ ਜਿਹਾ ਅਰਥ ਹੈ ਕਿ ਉਤਪਾਦਕ ਹੌਲੀ ਹੌਲੀ ਮਹਿੰਗਾਈ ਦਾ ਬੋਝ ਉਪਭੋਗਤਾਵਾਂ ਉੱਤੇ ਤਬਦੀਲ ਕਰ ਰਹੇ ਹਨ ਅਤੇ ਇਹ ਪ੍ਰਕ੍ਰਿਆ ਆਉਣ ਵਾਲੇ ਸਮੇਂ ਵਿਚ ਵੀ ਕਾਫੀ ਦੇਰ ਤਕ ਜਾਰੀ ਰਹੇਗੀ। ਕਿਉਂਕਿ ਖਪਤਕਾਰਾਂ 'ਤੇ ਕੱਚੇ ਮਾਲ ਦੀ ਮਹਿੰਗਾਈ ਦੇ ਬੋਝ ਦਾ ਤਬਾਦਲਾ ਸਮੇਂ ਦੇ ਅੰਤਰ ਨਾਲ ਹੁੰਦਾ ਹੈ, ਇਸ ਕਾਰਨ ਅੱਜ ਉੱਚੀਆਂ ਕੀਮਤਾਂ 'ਤੇ ਖਰੀਦੇ ਕੱਚੇ ਮਾਲ ਦਾ ਬੋਝ ਆਉਣ ਵਾਲੇ ਕੁਝ ਮਹੀਨਿਆਂ ਵਿੱਚ ਖਪਤਕਾਰਾਂ 'ਤੇ ਤਬਦੀਲ ਹੋਵੇਗਾ। ਇਸ ਕਾਰਨ ਅਰਥਸ਼ਾਸਤਰੀ ਮੰਨਦੇ ਹਨ ਕਿ ਇਹ ਮਹਿੰਗਾਈ ਕੋਈ ਅਸਥਾਈ ਵਰਤਾਰਾ ਨਹੀਂ ਹੈ, ਸਗੋਂ ਇਹ ਤਾਂ ਢਾਂਚਾਗਤ ਬਣਨ ਲੱਗੀ ਹੈ।

ਜਦੋਂ ਅਸੀਂ ਉਪਭੋਗਤਾ ਦੇ ਦ੍ਰਿਸ਼ਟੀਕੋਣ ਤੋਂ ਮਹਿੰਗਾਈ ਦੀ ਪੜਤਾਲ ਕਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਰੋਜ਼ਾਨਾ ਵਰਤੋਂ ਦੀਆਂ ਬਹੁਤ ਸਾਰੀਆਂ ਵਸਤਾਂ ਤਾਂ ਪਹਿਲਾਂ ਹੀ ਲਗਭਗ ਆਪਣੇ ਇੱਕ ਦਹਾਕੇ ਦੀ ਉੱਚ ਕੀਮਤ 'ਤੇ ਪਹੁੰਚ ਚੁੱਕੀਆਂ ਹਨ। ਜੁੱਤੀਆਂ ਦੀ ਮਹਿੰਗਾਈ 111 ਮਹੀਨੇ ਦੇ, ਸੇਵਾਵਾਂ ਦੀ ਮਹਿੰਗਾਈ 102 ਮਹੀਨੇ ਦੇ, ਕੱਪੜਿਆਂ ਦੀ ਮਹਿੰਗਾਈ 100 ਮਹੀਨੇ ਦੇ, ਅਨਾਜ ਦੀ ਮਹਿੰਗਾਈ 19 ਮਹੀਨਿਆਂ ਦੇ, ਦੁੱਧ ਅਤੇ ਸਬਜ਼ੀਆਂ ਦੀ ਮਹਿੰਗਾਈ 16 ਮਹੀਨੇ ਦੇ ਅਤੇ ਘਰੇਲੂ ਵਸਤਾਂ ਤੇ ਨਿੱਜੀ ਦੇਖਭਾਲ ਦੀ ਦੀਆਂ ਵਸਤਾਂ ਦੀ ਮਹਿੰਗਾਈ ਆਪਣੇ 13 ਮਹੀਨੇ ਦੇ ਸ਼ਿਖਰ ਉੱਤੇ ਪਹੁੰਚ ਚੁੱਕੀ ਹੈ। ਇਸ ਬੇਤਹਾਸ਼ਾ ਮਹਿੰਗਾਈ ਦੇ ਕਾਰਕ ਕੌਮਾਂਤਰੀ ਅਤੇ ਰਾਸ਼ਟਰੀ ਦੋਵੇਂ ਹਨ।

*'ਮਹਿੰਗਾਈ ਦੇ ਕਾਰਕ'*

ਜਿੱਥੇ ਇੱਕ ਪਾਸੇ ਰੂਸ-ਯੂਕਰੇਨ ਜੰਗ ਭਾਰਤ ਵਿੱਚ ਮਹਿੰਗਾਈ ਦਾ ਪ੍ਰਮੁੱਖ ਕਾਰਨ ਬਣੀ ਹੋਈ ਹੈ, ਉੱਥੇ ਨਾਲ ਹੀ ਭਾਰਤ ਵਿੱਚ ਕੇਂਦਰ ਅਤੇ ਸੂਬਾਈ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਵੀ ਮਹਿੰਗਾਈ ਨੂੰ ਵਧਾਉਣ ਵਿਚ ਬਾਲਣ ਦਾ ਕੰਮ ਕਰ ਰਹੀਆਂ ਹਨ। ਕੌਮਾਂਤਰੀ ਅਤੇ ਰਾਸ਼ਟਰੀ ਕਾਰਕਾਂ ਦੀ ਮਹਿੰਗਾਈ ਵਧਾਉਣ ਵਿਚ ਭੂਮਿਕਾ ਦਾ ਵਰਣਨ ਹੇਠਾਂ ਕੀਤਾ ਗਿਆ ਹੈ।

ਕੌਮਾਂਤਰੀ ਪੱਧਰ ਤੇ ਸਭ ਤੋਂ ਉੱਤੇ ਆਉਂਦੀ ਹੈ ਹੈ ਰੂਸ-ਯੂਕਰੇਨ ਜੰਗ ਜਿਸਦਾ ਪਹਿਲਾ ਪ੍ਰਭਾਵ ਖਾਣ ਵਾਲੇ ਤੇਲ ਖ਼ਾਸ ਕਰਕੇ ਸੂਰਜਮੁਖੀ ਦੇ ਤੇਲ ਤੇ ਦਿਸਦਾ ਹੈ, ਕਿਉਂਕਿ ਭਾਰਤ ਦੀ ਸੂਰਜਮੁਖੀ ਦੇ ਤੇਲ ਦੀ ਲਗਭਗ 90% ਜ਼ਰੂਰਤ ਰੂਸ ਅਤੇ ਯੂਕਰੇਨ ਤੋਂ ਆਯਾਤ ਦੁਆਰਾ ਪੂਰੀ ਕੀਤੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਭਾਰਤੀ ਬਾਜ਼ਾਰ 'ਚ ਖਾਣੇ ਦੇ ਤੇਲ ਦੀਆਂ ਕੀਮਤਾਂ ਜੰਗ ਦੀ ਸ਼ੁਰੂਆਤ ਹੋਣ ਤੋਂ ਪਹਿਲਾਂ ਹੀ ਵਧਣੀਆਂ ਸ਼ੁਰੂ ਹੋ ਗਈਆਂ ਸਨ। ਦਰਅਸਲ ਇੰਡੋਨੇਸ਼ੀਆ ਜਿਥੋਂ ਪਾਮ ਤੇਲ ਵੱਡੇ ਪੱਧਰ ਤੇ ਆਯਾਤ ਹੁੰਦਾ ਹੈ ਉਸਨੇ ਪਿਛਲੇ ਸਮੇਂ ਵਿਚ ਆਪਣੇ ਨਿਰਯਾਤ ਟੈਕਸਾਂ ਤੇ ਭਾਰੀ ਵਾਧਾ ਕੀਤਾ ਹੈ, ਜਿਸ ਕਾਰਨ ਇਸਦੇ ਆਯਾਤ ਵਿਚ ਰੁਕਾਵਟਾਂ ਸਾਹਮਣੇ ਆਈਆਂ ਅਤੇ ਭਾਰਤੀ ਖਪਤਕਾਰਾਂ ਲਈ ਖਾਣ ਵਾਲੇ ਤੇਲ ਦੀਆਂ ਕੀਮਤਾਂ ਵਿਚ ਜੰਗ ਤੋਂ ਪਹਿਲਾਂ ਹੀ ਵਾਧਾ ਦੇਖਣ ਨੂੰ ਮਿ-ਲਿਆ ਸੀ। ਇਸ ਤੋਂ ਇਲਾਵਾ, ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਵਾਧਾ ਵੀ ਭਾਰਤੀ ਖਪਤਕਾਰਾਂ ਨੂੰ ਪਰੇਸ਼ਾਨ ਕਰ ਰਿਹਾ ਹੈ। ਮਾਰਚ ਮਹੀਨੇ ਦੀ ਸ਼ੁਰੂਆਤ 'ਚ ਹੀ ਭਾਰਤੀ ਸਰਕਾਰ ਵੱਲੋਂ ਹਵਾਈ ਜਹਾਜਾਂ ਦੇ ਈਂਧਨ ਅਤੇ ਵਪਾਰਕ ਤੌਰ ਤੇ ਵਰਤੋਂ ਵਿਚ ਆਉਣ ਵਾਲੀ ਗੈਸ ਦੇ ਸਿਲੰਡਰ ਦੀਆਂ ਕੀਮਤਾਂ 'ਚ ਵਾਧਾ ਕੀਤਾ ਗਿਆ। ਮਾਰਚ ਦੇ ਆਖ਼ਰੀ ਹਫ਼ਤੇ ਤੋਂ ਲੈ ਕੇ ਹੁਣ ਤਕ ਘਰੇਲੂ ਗੈਸ ਸਿਲੰਡਰ, ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਜੇਕਰ ਕੇਂਦਰ ਅਤੇ ਸੂਬਾ ਸਰਕਾਰ ਆਬਕਾਰੀ ਨੂੰ ਘੱਟ ਨਹੀਂ ਕਰਦੀਆਂ, ਤਾਂ ਕੱਚੇ ਤੇਲ ਦੀਆਂ ਵਧੀਆਂ ਕੀਮਤਾਂ ਦਾ ਭਾਰ ਲਗਾਤਾਰ ਖਪਤਕਾਰਾਂ ਉੱਤੇ ਪੈਂਦਾ ਰਹੇਗਾ ਜਿਸ ਨਾਲ ਭਾਰਤ ਵਿਚ ਬੇਤਹਾਸ਼ਾ ਮਹਿੰਗਾਈ ਵਧੇਗੀ।

ਰੂਸ-ਯੂਕਰੇਨ ਜੰਗ ਦੇ ਹੋਰ ਪ੍ਰਭਾਵਾਂ ਨੂੰ ਧਾਤਾਂ, ਖਣਨ ਅਤੇ ਇਲੈਕਟ੍ਰੋਨਿਕ ਉਦਯੋਗਾਂ ਦੀਆਂ ਕੀਮਤਾਂ ਦੀ ਮਹਿੰਗਾਈ ਨਾਲ ਜੋੜ ਕੇ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਰੂਸ ਪਲੈਟੀਨਮ, ਤਾਂਬੇ ਅਤੇ ਕੋਲੇ ਦਾ ਪ੍ਰਮੁੱਖ ਉਤਪਾਦਕ ਹੈ ਅਤੇ ਰੂਸ ਅਤੇ ਯੂਕਰੇਨ ਮਿਲ ਕੇ ਸਟੀਲ ਦੇ ਪ੍ਰਮੁੱਖ ਨਿਰਮਾਤਾ ਅਤੇ ਨਿਰਯਾਤਕ ਹਨ। ਇਨ੍ਹਾਂ ਦੋਵਾਂ ਦੇਸ਼ਾਂ ਤੋਂ ਕੋਲੇ ਅਤੇ ਕੁਦਰਤੀ ਗੈਸ ਦੀ ਸਪਲਾਈ ਵਿਚ ਰੁਕਾਵਟ ਆਉਣ ਕਾਰਨ ਦੁਨੀਆ ਭਰ ਦੇ ਸਟੀਲ ਕਾਰਖਾਨੇ ਪ੍ਰਭਾਵਿਤ ਹੋਏ ਹਨ ਜਿਸ ਕਾਰਨ ਸਟੀਲ ਦੀਆਂ ਕੀਮਤਾਂ ਅਸਮਾਨ ਛੋਹ ਰਹੀਆਂ ਹਨ। ਇਸਦਾ ਅਸਰ ਮੋਟਰ ਵਾਹਨਾਂ ਦੀਆਂ ਕੀਮਤਾਂ ਵਿਚ ਆਏ ਉਛਾਲ ਵਿਚ ਵੀ ਦੇਖਿਆ ਜਾ ਸਕਦਾ ਹੈ। ਚੀਨ ਵਿਚ ਕਰੋਨਾ ਦੇ ਇਕ ਨਵੇਂ ਰੂਪ ਦੇ ਪਤਾ ਲੱਗਣ ਕਾਰਨ ਅਤੇ ਇਸਦੀ ਰੋਕਥਾਮ ਲਈ ਉੱਥੇ ਹੋਈ ਤਾਲਾਬੰਦੀ ਕਾਰਨ ਇਲੈਕਟ੍ਰਾਨਿਕ ਅਤੇ ਦਵਾਈਆਂ ਦੇ ਖੇਤਰ ਵਿਚ ਕੱਚੇ ਮਾਲ ਦੀ ਖਰੀਦ 'ਤੇ ਅਸਰ ਪੈ ਰਿਹਾ ਹੈ। ਸੰਖੇਪ ਵਿਚ ਧਾਤਾਂ, ਖਣਨ, ਇਲੈਕਟ੍ਰਾਨਿਕ ਪੁਰਜਿਆਂ ਅਤੇ ਦਵਾਈਆਂ ਦੀਆਂ ਕੀਮਤਾਂ ਵਿਚ ਵਾਧੇ ਦਾ ਸੰਯੁਕਤ ਪ੍ਰਭਾਵ ਰਣਨੀਤਕ ਖੇਤਰਾਂ ਜਿਵੇਂ ਕਿ ਬਿਜਲੀ, ਮੋਟਰ ਗੱਡੀਆਂ, ਉਸਾਰੀ, ਇਲੈਕਟ੍ਰਾਨਿਕ ਸਮਾਨ, ਮੋਬਾਈਲ, ਲੈਪਟਾਪ ਅਤੇ ਦਵਾਈਆਂ ਦੀਆਂ ਕੀਮਤਾਂ ਵਧਾ ਰਿਹਾ ਹੈ।

ਕਿਉਂਕਿ ਭਾਰਤ ਇਕ ਸ਼ੁੱਧ ਦਰਾਮਦਕਾਰ ਦੇਸ਼ ਹੈ ਇਸ ਕਾਰਨ ਵਧੀ ਹੋਈ ਦਰਾਂ ਉੱਤੇ ਸਮਾਨ ਆਯਾਤ ਹੋਣ ਦਾ ਅਸਰ ਭਾਰਤੀ ਰੁਪਏ ਤੇ ਵੀ ਪੈ ਰਿਹਾ ਹੈ। ਮਹਿੰਗੇ ਸਮਾਨ ਅਤੇ ਕੱਚੇ ਤੇਲ ਦੇ ਆਯਾਤ ਦੀ ਪ੍ਰਾਪਤੀ ਲਈ ਸਾਨੂੰ ਆਪਣੇ ਵਿਦੇਸ਼ੀ ਮੁਦਰਾ ਭੰਡਾਰ ਵਿਚੋਂ ਵਧ ਡਾਲਰ ਦੀ ਅਦਾਇਗੀ ਕਰਨੀ ਪੈ ਰਹੀ ਹੈ, ਜਿਸ ਕਾਰਨ ਰੁਪਏ ਦੀ ਕੀਮਤ ਘਟਦੀ ਜਾ ਰਹੀ ਹੈ। ਰੁਪਏ ਦੀ ਕਮਜ਼ੋਰੀ ਕਾਰਨ ਵਿਦੇਸ਼ੀ ਨਿਵੇਸ਼ ਭਾਰਤ ਵਲ ਆਕਰਸ਼ਿਤ ਨਹੀਂ ਹੋ ਰਿਹਾ, ਜਿਸ ਕਾਰਨ ਅਸਥਿਰਤਾ ਭਰਿਆ ਮਾਹੌਲ ਭਾਰਤ ਵਿਚ ਬਣਿਆ ਹੋਇਆ ਹੈ ਜੋ ਕਿ ਅੱਗੇ ਕੁਝ ਹੋਰ ਸਮੇਂ ਲਈ ਵੀ ਬਣਿਆ ਰਹਿ ਸਕਦਾ ਹੈ, ਅਤੇ ਇਸ ਨਾਲ ਆਮ ਲੋਕਾਂ ਦਾ ਜ਼ਿੰਦਗੀ ਜਿਉਣਾ ਮੁਸ਼ਕਿਲ ਬਣਿਆ ਰਹੇਗਾ।

ਉਭਰ ਰਹੇ ਦ੍ਰਿਸ਼ ਭਾਰਤੀ ਅਰਥਵਿਵਸਥਾ ਵਿਚ ਬੇਲਗਾਮ ਮਹਿੰਗਾਈ ਆਉਣ ਦਾ ਅਨੁਮਾਨ ਜਾਹਰ ਕਰਦੇ ਹਨ ਜਿਸ ਨੂੰ ਰੋਕਣ ਲਈ ਵਿਆਜ ਦਰਾਂ ਵਿਚ ਵਾਧਾ ਹੋਣ ਦਾ ਖ਼ਦਸ਼ਾ ਹੈ ਜਿਵੇਂ ਕਿ ਅਸੀਂ ਅਮਰੀਕਾ ਅਤੇ ਇੰਗਲੈਂਡ ਵਿਚ ਦੇਖਿਆ ਹੈ। ਪ੍ਰੰਤੂ ਭਾਰਤ ਸਰਕਾਰ ਅਤੇ ਕਾਰਪੋਰੇਟਾਂ ਨੂੰ ਘੱਟ ਕੀਮਤ ਤੇ ਕਰਜ਼ੇ ਪ੍ਰਦਾਨ ਕਰਨ ਦੀ ਹੋੜ ਵਿਚ ਭਾਰਤੀ ਕੇਂਦਰੀ ਬੈਂਕ ਆਮ ਜਨਤਾ ਨੂੰ ਵਧੇ ਹੋਏ ਵਿਆਜ ਨਾਲ ਰਾਹਤ ਦੇਣ ਲਈ ਕਿਤੇ ਤਿਆਰ ਨਹੀਂ ਜਾਪਦਾ। ਸਗੋਂ ਇੱਥੇ ਤਾਂ ਹੁਣ ਗੱਲ ਇਹ ਹੋ ਰਹੀ ਹੈ ਕਿ ਕਿਵੇਂ ਛੋਟੀਆਂ ਬੱਚਤ ਸਕੀਮਾਂ ਤੇ ਵੀ ਵਿਆਜ ਦਰਾਂ ਨੂੰ ਘਟਾਇਆ ਜਾ ਸਕੇ ਤਾਂ ਜੋ ਸਰਕਾਰ ਅਤੇ ਕਾਰਪੋਰੇਟਾਂ ਦੀ ਝੋਲੀ ਸਸਤੇ ਕਰਜਿਆਂ ਨਾਲ ਭਰੀ ਰਹਿ ਸਕੇ।

ਅਰਥਸ਼ਾਸਤਰੀ ਮੰਨਦੇ ਹਨ ਕਿ ਭਾਰਤ ਦੇ ਕੇਂਦਰੀ ਪੂਲ ਵਿੱਚ 1 ਜਨਵਰੀ 2022 ਤੱਕ ਅਨਾਜ ਦਾ ਭੰਡਾਰ 86 ਮਿਲੀਅਨ ਟਨ ਸੀ। ਇਹ ਅੰਕੜਾ 1 ਫਰਵਰੀ 2022 ਨੂੰ ਵੱਧ ਕੇ 87 ਮਿਲੀਅਨ ਟਨ ਹੋ ਗਿਆ ਜੋ ਕਿ ਸਾਡੇ 21 ਮਿਲੀਅਨ ਟਨ ਦੇ ਰਾਖਵੇਂ ਭੰਡਾਰ ਦੀ ਲੋੜ ਤੋਂ ਲਗਭਗ ਚਾਰ ਗੁਣਾ ਵੱਧ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅਨਾਜ ਦਾ ਇਹ ਭੰਡਾਰ ਅਪ੍ਰੈਲ-ਨਵੰਬਰ 2021 ਦੌਰਾਨ ਸਰਕਾਰ ਦੇ 15 ਮਿਲੀਅਨ ਟਨ ਤੋਂ ਵੱਧ ਅਨਾਜ ਦੇ ਨਿਰਯਾਤ ਕਰਨ ਦੇ ਬਾਵਜੂਦ ਹੈ। ਭਾਵੇਂ ਸਰਕਾਰ ਨੇ ਇਸ ਨਾਲ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਬਣੀਆਂ ਉੱਚੀਆਂ ਕੀਮਤਾਂ ਦਾ ਫਾਇਦਾ ਉਠਾਇਆ ਹੈ, ਪ੍ਰੰਤੂ ਵੱਧ ਭੰਡਾਰ ਰੱਖਣ ਨਾਲ ਸਥਾਨਕ ਬਾਜ਼ਾਰ ਵਿੱਚ ਜ਼ਰੂਰੀ ਅਨਾਜ ਦੀ ਉਪਲਬਧਤਾ ਘਟੀ ਹੈ ਜਿਸ ਦੇ ਚਲਦੇ ਆਮ ਲੋਕਾਂ ਨੂੰ ਅਨਾਜ ਖਰੀਦਣ ਲਈ ਵੱਧ ਕੀਮਤ ਦਾ ਭੁਗਤਾਨ ਕਰਨਾ ਪੈ ਰਿਹਾ ਹੈ। ਅਜਿਹੇ ਹਾਲਾਤਾਂ ਵਿਚ ਇਹ ਸਵਾਲ ਉੱਠਣਾ ਜਾਹਿਰ ਹੈ ਕਿ ਕਿਆ ਸਰਕਾਰ ਆਪ ਮਹਿੰਗਾਈ ਨੂੰ ਹੁੰਗਾਰਾ ਦੇਂਦੀ ਹੈ?

*'ਮਹਿੰਗਾਈ ਤੋਂ ਲਾਭ ਕਿਸ ਨੂੰ'*

ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਜੇਕਰ ਇਹ ਕਿਹਾ ਜਾਵੇ ਕਿ ਸਰਕਾਰ ਆਪ ਮਹਿੰਗਾਈ ਨੂੰ ਵਧਾਵਾ ਦਿੰਦੀ ਹੈ। ਜਦੋਂ ਅਸੀਂ ਕਾਰਪੋਰੇਟ, ਆਮ ਜਨਤਾ ਅਤੇ ਸਰਕਾਰ ਤਿੰਨਾਂ ਦਾ ਵਿਸ਼ਲੇਸ਼ਣ ਇਕੱਠੇ ਕਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿਵੇਂ ਮਹਿੰਗਾਈ ਵਧਾ ਕੇ ਸਰਕਾਰ ਨੂੰ ਲਾਭ ਪਹੁੰਚਦਾ ਹੈ। ਜੇਕਰ ਅਸੀਂ ਤਾਲਾਬੰਦੀ ਤੋਂ ਬਾਅਦ ਦੇ ਸਮੇਂ ਦੀ ਗੱਲ ਕਰੀਏ ਤਾਂ ਸਾਨੂੰ ਨਜਰ ਆਉਂਦਾ ਹੈ ਕੇ ਭਾਵੇਂ ਆਮ ਲੋਕਾਂ ਦੀ ਮੰਗ ਵਿਚ ਨੌਕਰੀਆਂ ਖੁਸਣ ਕਾਰਨ ਬਹੁਤ ਕਮੀ ਆ ਗਈ ਸੀ, ਪਰ ਮਈ 2020 ਵਿੱਚ ਸਰਕਾਰ ਦਾ ਟੈਕਸ ਮਾਲੀਆ ਵਧ ਰਿਹਾ ਸੀ। ਇਹ ਇਸ ਲਈ ਕਿਉਂਕਿ ਭਾਰਤੀ ਸਰਕਾਰ ਨੇ ਪੈਟਰੋਲ ਅਤੇ ਡੀਜ਼ਲ 'ਤੇ ਆਬਕਾਰੀ ਵਧਾ ਦਿੱਤੀ ਸੀ, ਹਾਲਾਂਕਿ ਕੱਚਾ ਤੇਲ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਰਿਕਾਰਡ ਘੱਟ ਕੀਮਤ 'ਤੇ ਉਪਲਬਧ ਸੀ। 2019 'ਚ ਪੈਟਰੋਲ 'ਤੇ ਕੁੱਲ ਆਬਕਾਰੀ ਡਿਊਟੀ 19.98 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 'ਤੇ 15.83 ਰੁਪਏ ਪ੍ਰਤੀ ਲੀਟਰ ਸੀ। ਸਰਕਾਰ ਨੇ 2020 ਵਿਚ ਪੈਟਰੋਲ 'ਤੇ ਆਬਕਾਰੀ ਡਿਊਟੀ ਵਧਾ ਕੇ 32.98 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 'ਤੇ 31.83 ਰੁਪਏ ਕਰ ਦਿੱਤੀ ਸੀ। ਇਸ ਪ੍ਰਕਾਰ ਮਹਾਂਮਾਰੀ ਵਾਲੇ ਸਾਲ 2020-21 ਵਿਚ ਪੈਟਰੋਲ ਅਤੇ ਡੀਜ਼ਲ 'ਤੇ ਵਧਾਈ ਗਈ ਆਬਕਾਰੀ ਡਿਊਟੀ ਤੋਂ ਕੇਂਦਰ ਸਰਕਾਰ ਨੇ 3.72 ਲੱਖ ਕਰੋੜ ਰੁਪਏ ਦੀ ਰਕਮ ਅਰਜਿਤ ਕੀਤੀ ਜੋ ਕਿ ਸਾਲ 2019-20 ਨਾਲੋਂ ਲਗਭਗ ਦੁੱਗਣੀ ਸੀ। ਜ਼ਿਕਰਯੋਗ ਹੈ ਕਿ ਇਸ ਰਕਮ ਵਿਚੋਂ ਰਾਜ ਸਰਕਾਰਾਂ ਨੂੰ ਵੀ ਕੁਝ ਹਿੱਸਾ ਦਿੱਤਾ ਗਿਆ ਸੀ। ਇਸ ਤਰ੍ਹਾਂ ਸਰਕਾਰ ਨੂੰ ਵਸਤਾਂ ਤੇ ਵੱਧ ਟੈਕਸ ਲਗਾ ਕੇ ਮਹਿੰਗਾਈ ਨਾਲ ਲਾਭ ਪਹੁੰਚਦਾ ਹੈ।

ਬੜਾ ਹੀ ਦਿਲਚਸਪ ਹੈ ਇਹ ਜਾਣਨਾ ਕਿ ਹੁਣ ਜਦੋਂ ਆਮ ਲੋਕਾਂ ਦੀ ਮੰਗ ਵਿਚ ਕਮੀ ਦੇਖਣ ਨੂੰ ਮਿਲ ਰਹੀ ਹੈ, ਵਾਹਨਾਂ ਦੀ ਵਿਕਰੀ ਘਟੀ ਹੈ, ਟਰੈਕਟਰ, ਦੋ ਪਹੀਆ ਵਾਹਨ, ਕਾਰਾਂ ਅਤੇ ਰੋਜ਼ਮੱਰਾ ਦੀ ਖਪਤ ਵਾਲੀਆਂ ਵਸਤਾਂ ਦੀ ਮੰਗ ਘਟੀ ਹੈ, ਸਰਕਾਰ ਰਿਕਾਰਡ ਜੀਐੱਸਟੀ ਕਮਾ ਰਹੀ ਹੈ। ਸਾਲ 2022 ਦੀ ਪਹਿਲੀ ਤਿਮਾਹੀ ਵਿਚ (ਜਨਵਰੀ ਵਿਚ 1.41 ਲੱਖ ਕਰੋੜ ਰੁਪਏ, ਫਰਵਰੀ ਵਿਚ 1.33 ਲੱਖ ਕਰੋੜ ਰੁਪਏ ਅਤੇ ਮਾਰਚ ਵਿਚ 1.42 ਲੱਖ ਕਰੋੜ ਰੁਪਏ) ਸਰਕਾਰ ਨੇ ਜੀਐਸਟੀ ਤੋਂ 4.16 ਲੱਖ ਕਰੋੜ ਦੀ ਕਮਾਈ ਕੀਤੀ ਹੈ, ਜੋ ਕਿ ਪਿਛਲੇ ਮਹੀਨਿਆਂ ਵਿਚ ਜੀਐੱਸਟੀ ਤੋਂ ਅਰਜਿਤ ਕੀਤੀ ਰਕਮ ਦੇ ਮੁਕਾਬਲੇ ਕਿਤੇ ਵੱਧ ਹੈ। ਇਸਦੇ ਨਾਲ ਹੀ ਵਿੱਤੀ ਸਾਲ 2021-22 'ਚ ਭਾਰਤ ਦੀ ਕੁੱਲ ਟੈਕਸ ਵਸੂਲੀ 27.07 ਲੱਖ ਕਰੋੜ ਰੁਪਏ ਦੇ ਰਿਕਾਰਡ ਉੱਚ ਪੱਧਰ 'ਤੇ ਦਰਜ ਹੋਈ ਹੈ ਜੋ ਕਿ ਬਜਟ ਅਨੁਮਾਨਾਂ ਤੋਂ ਲਗਭਗ 5 ਲੱਖ ਕਰੋੜ ਰੁਪਏ ਵੱਧ ਹੈ।

ਇੱਥੇ ਇਹ ਜਾਣਨਾ ਜਰੂਰੀ ਹੈ ਕਿ ਸਰਕਾਰ ਦੁਆਰਾ ਟੈਕਸਾਂ ਤੋਂ ਅਰਜਿਤ ਕੀਤੀ ਕਮਾਈ ਦਾ ਭਾਰ ਕਾਰਪੋਰੇਟਾਂ ਜਾਂ ਆਮ ਜਨਤਾ ਉੱਤੇ ਹੁੰਦਾ ਹੈ, ਪ੍ਰੰਤੂ ਜੀਐੱਸਟੀ ਪ੍ਰਣਾਲੀ ਹੇਠ ਕਾਰਪੋਰੇਟ ਜਗਤ ਇਸ ਭਾਰ ਨੂੰ ਆਖਰਕਾਰ ਆਮ ਜਨਤਾ ਉੱਤੇ ਤਬਦੀਲ ਕਰਨ ਵਿਚ ਕਾਮਯਾਬ ਹੁੰਦਾ ਹੈ। ਇਸ ਪ੍ਰਕਾਰ ਵਧੀ ਹੋਈ ਮਹਿੰਗਾਈ ਤੋਂ ਸਿਰਫ਼ ਸਰਕਾਰ ਹੀ ਨਹੀਂ ਸਗੋਂ ਕਾਰਪੋਰੇਟ ਵੀ ਲਾਭ ਉਠਾਉਂਦੇ ਹਨ। ਇਸ ਨੂੰ ਅਸੀਂ ਇੱਕ ਉਦਾਹਰਣ ਦੇ ਨਾਲ ਸਮਝ ਸਕਦੇ ਹਾਂ। ਮੰਨ ਲੈਣੇ ਹਾਂ ਕੇ ਇਕ ਸਟੀਲ ਦੀਆਂ ਪਲੇਟਾਂ ਅਤੇ ਚਮਚੇ ਬਣਾਉਣ ਵਾਲੀ ਕੰਪਨੀ 18% ਜੀਐੱਸਟੀ ਦੀ ਦਰ 'ਤੇ ਸਟੀਲ ਨਿਰਮਾਤਾ ਕੰਪਨੀ ਤੋਂ 2000 ਰੁਪਏ ਦਾ ਸਟੀਲ ਖਰੀਦਦੀ ਹੈ। ਇਸ ਤਰ੍ਹਾਂ, ਕੰਪਨੀ ਦੁਆਰਾ ਅਦਾ ਕੀਤਾ ਜਾਣ ਵਾਲਾ ਇਨਪੁਟ ਟੈਕਸ 360 ਰੁਪਏ ਬਣਦਾ ਹੈ। ਕੰਪਨੀ ਹੁਣ ਸਟੀਲ ਨਿਰਮਿਤ ਪਲੇਟਾਂ ਅਤੇ ਚਮਚਿਆਂ ਨੂੰ 18% ਦੇ ਆਉਟਪੁੱਟ ਟੈਕਸ ਦੇ ਨਾਲ 3000 ਰੁਪਏ ਵਿੱਚ ਖਪਤਕਾਰਾਂ ਨੂੰ ਵੇਚਦੀ ਹੈ, ਜਿਸ ਨਾਲ ਕੁੱਲ ਵਿਕਰੀ ਦੀ ਕੀਮਤ 3540 ਰੁਪਏ (3000 ਰੁਪਏ + 540 ਰੁਪਏ) ਬਣਦੀ ਹੈ। ਪ੍ਰੰਤੂ ਜੀਐੱਸਟੀ ਦੀ ਇਨਪੁਟ ਟੈਕਸ ਕ੍ਰੈਡਿਟ ਪ੍ਰਣਾਲੀ ਅਨੁਸਾਰ ਪਲੇਟਾਂ ਤੇ ਚਮਚੇ ਬਣਾਉਣ ਵਾਲੀ ਕੰਪਨੀ ਨੂੰ ਸਟੀਲ ਨਿਰਮਾਤਾ ਕੰਪਨੀ ਨੂੰ ਅਦਾ ਕੀਤੀ ਗਈ ਇਨਪੁਟ ਟੈਕਸ ਦੀ ਰਕਮ 360 ਰੁਪਏ ਦੀ ਵਾਪਸੀ ਲਾਜ਼ਮੀ ਹੈ। ਇਸ ਤਰ੍ਹਾਂ ਪਲੇਟਾਂ ਤੇ ਚਮਚੇ ਬਣਾਉਣ ਵਾਲੀ ਕੰਪਨੀ ਸਰਕਾਰ ਨੂੰ ਅਸਲ ਭੁਗਤਾਨ 540 ਰੁਪਏ ਨਹੀਂ ਬਲਕਿ 180 ਰੁਪਏ (540 ਰੁਪਏ- 360 ਰੁਪਏ) ਕਰਦੀ ਹੈ। ਇਹ ਪ੍ਰਣਾਲੀ ਸਰਕਾਰ ਅਤੇ ਕਾਰਪੋਰੇਟ ਦੋਵਾਂ ਲਈ ਅਨੁਕੂਲ ਹੈ ਕਿਉਂਕਿ ਵੱਧ ਟੈਕਸ ਲਾ ਕਿ ਸਰਕਾਰ ਨੂੰ ਵੱਧ ਮਾਲੀਆ ਅਤੇ ਕਾਰਪੋਰੇਟਾਂ ਨੂੰ ਇਨਪੁਟ ਟੈਕਸ ਕ੍ਰੈਡਿਟ ਪ੍ਰਣਾਲੀ ਹੇਠ ਵੱਧ ਮੁਨਾਫ਼ਾ ਮਿਲਦਾ ਹੈ। ਕਿਉਂਕਿ ਸਰਕਾਰ ਵੱਲੋਂ ਕੰਪਨੀਆਂ ਦੁਆਰਾ ਲਾਏ ਜਾ ਰਹੇ ਮੈਕ੍ਸਿਮਮ ਰਿਟੇਲ ਪ੍ਰਾਈਸ ਬਾਰੇ ਕੋਈ ਵੀ ਕਾਨੂੰਨ ਨਹੀਂ ਹੈ, ਇਸ ਪ੍ਰਕਾਰ ਕੰਪਨੀਆਂ ਖਪਤਕਾਰਾਂ ਤੋਂ ਮਨਮਾਨੇ ਢੰਗ ਨਾਲ ਕੀਮਤਾਂ ਵਸੂਲ ਰਹੀਆਂ ਹਨ। ਇਸ ਪ੍ਰਕਾਰ ਵੱਧ ਜੀਐੱਸਟੀ ਲੱਗਣ ਦਾ ਮਤਲਬ ਹੈ ਸਰਕਾਰ ਦੀ ਵੱਧ ਕਮਾਈ ਅਤੇ ਟੈਕਸਾਂ ਦਾ ਹਵਾਲਾ ਦੇ ਕੇ ਕਾਰਪੋਰੇਟਾਂ ਦਾ ਕੀਮਤਾਂ ਵਧਾਉਣ ਦਾ ਅਰਥ ਹੈ ਕਾਰਪੋਰੇਟਾਂ ਨੂੰ ਵੱਧ ਮੁਨਾਫ਼ੇ। ਇਸ ਸਾਰੀ ਗੁੰਝਲਦਾਰ ਗਣਨਾ ਦੇ ਵਿਚਕਾਰ ਜੇ ਕੋਈ ਪਰੇਸ਼ਾਨ ਹੁੰਦਾ ਹੈ ਤਾਂ ਉਹ ਹੈ ਖਪਤਕਾਰ - ਭਾਰਤ ਦਾ ਆਮ ਆਦਮੀ। ਕਿਉਂਕਿ ਸਰਕਾਰਾਂ ਆਰਥਿਕ ਤੱਥਾਂ ਨੂੰ ਗੁੰਝਲਦਾਰ ਰੱਖਦੀਆਂ ਹੈ, ਇਸਲਈ ਆਮ ਆਦਮੀ ਤਾਂ ਓਹੋ ਸਮਝਦਾ ਹੈ ਜੋ ਸਰਕਾਰਾਂ ਜਾਂ ਮੀਡਿਆ ਉਸ ਨੂੰ ਦਿਖਾਉਂਦਾ ਹੈ। ਜਦੋਂ ਤਕ ਆਮ ਜਨਤਾ ਜਾਗਰੂਕ ਨਹੀਂ ਹੋਵੇਗੀ ਅਤੇ ਸਰਕਾਰ ਤੋਂ ਲਾਊਡਸਪੀਕਰ ਲਾ ਕੇ ਚਮਕਦਾਰ ਪੱਖਾਂ ਪਿੱਛੇ ਹੋਣ ਵਾਲੇ ਭਿਆਨਕ ਖੇਡ ਬਾਰੇ ਨਹੀਂ ਸਵਾਲ ਕਰੇਗੀ, ਮਹਿੰਗਾਈ ਵਾਲਾ ਇਹ ਬੁਲਡੋਜ਼ਰ ਇੰਝ ਹੀ ਆਮ ਜਨਤਾ ਦੀ ਬੱਚਤ ਅਤੇ ਆਮਦਨ ਉੱਤੇ ਚਲਦਾ ਰਹੇਗਾ।

# ਕੀ ਪੰਜਾਬ ਸਰਕਾਰ ਕੱਢ ਪਾਊਗੀ ਪੰਜਾਬ ਨੂੰ ਪਾਣੀ ਸੰਕਟ ਵਿਚੋਂ ?

ਇਸ ਵੇਲੇ ਸੂਬੇ ਵਿਚ ਨਵੀ ਸਰਕਾਰ ਬਣੀ ਹੈ ਅਤੇ ਪੰਜਾਬੀਆਂ ਨੇ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਬਦਲਾਵ ਨੂੰ ਚੁਣਿਆ ਅਤੇ ਵੱਡਾ ਫਤਵਾ ਵੀ ਦਿੱਤਾ ਹੈ। ਇਸ ਫੱਤਵੇ ਅਧੀਨ 117 ਸੀਟਾਂ ਵਿਚੋਂ 92 ਸੀਟਾਂ ਦੇ ਕੇ ਸਰਕਾਰ ਦੇ ਹੱਥ ਪੂਰੀ ਤਰ੍ਹਾਂ ਮਜ਼ਬੂਤ ਕਰ ਦਿੱਤੇ ਹਨ ਤਾਂ ਕਿ ਸਰਕਾਰ ਨੂੰ ਕੋਈਮੌਕਾ ਨਾ ਮਿਲੇ ਇਹ ਕਹਿਣ ਦਾ ਕੀ ਸਾਡੇ ਕੋਲ ਬਹੁਮਤ ਨਹੀ ਸੀ, ਇਸ ਕਰਕੇ ਅਸੀਂ ਕੰਮ ਨਹੀਂ ਕਰ ਸਕੇ। ਦੁਜਾ ਪੰਜਾਬ ਇੱਕ ਪੂਰਾ ਸੂਬਾ ਹੈ ਅਤੇ ਦਿੱਲੀ ਵਾਂਗ ਕਿਸੇ ਦੀ ਅਧੀਨਗੀ ਵਿੱਚ ਨਹੀ ਇਥੇ ਕੰਮ ਕਰਨ ਲਈ ਲੋੜ ਸਿਰਫ ਨੀਅਤ ਦੀ ਹੈ। ਇਸ ਵੇਲੇ ਨਵੀਂ ਸਰਕਾਰ ਨੇ ਜਿੱਥੇ ਵਿਰਾਸਤ ਵਿੱਚ 3 ਲੱਖ ਕਰੋੜ ਦਾ ਕਰਜ਼ਾ ਅਤੇ ਜੇ ਇਸ ਵਿੱਚ ਸਰਕਾਰੀ ਕੰਪਨੀਆਂ ਦਾ ਪਾ ਲਈਏ ਤਾਂ ਇਹ 4 ਲੱਖ ਕਰੋੜ ਦੇ ਕਰੀਬ ਬਣ ਜਾਂਦਾ ਹੈ। ਇਸ ਦੇ ਨਾਲ ਨਾਲ ਰੇਤੇ ਦੀਆਂ ਖੱਡਾਂ, ਨਸ਼ਾ, ਭਰਿਸ਼ਟਾਚਾਰ ਵਰਗੇ ਮੁੱਦੇ ਖੜ੍ਹੇ ਹਨ। ਪਰ ਇਸ ਵਿੱਚ ਇੱਕ ਮੁੱਦਾ ਐਸਾ ਹੈ ਜੋ ਪੰਜਾਬ ਦੀ ਹੋਂਦ ਲਈ ਬਹੁਤ ਅਹਿਮ ਹੈ ਤੇ ਜਿਸ ਦਾ ਦਿਨ-ਬ-ਦਿਨ ਘਟਨਾ ਪੰਜਾਬ ਦੀ ਧਰਤੀ ਤੇ ਜੀਵਨ ਨੂੰ ਖਤਮ ਕਰਨ ਵੱਲ ਲਿਜਾ ਰਿਹਾ ਹੈ। ਇਹ ਮੁੱਦਾ ਹੈ ਪੰਜਾਬ ਦੇ ਪਾਣੀਆਂ ਦਾ ਜਿਸ ਵਿੱਚ ਦਰਿਆਈ ਅਤੇ ਧਰਤੀ ਹੇਠਲੇ ਦੋਵਾਂ ਪਾਣੀਆਂ ਨੂੰ ਕਿਵੇਂ ਬਚਾਇਆ ਜਾਵੇ ਅਤੇ ਇਸ ਵੇਲੇ ਦਰਿਆਈ ਪਾਣੀ ਦੇ ਅਧਿਕਾਰ ਖੇਤਰ ਸੂਬਿਆਂ ਤੋਂ ਬਦਲ ਕੇ ਕੇਂਦਰ ਵੱਲ ਲਿਜਾਣ ਦੀ ਚਰਚਾ ਵੀ ਚੱਲ ਰਹੀ ਹੈ।

ਅਸਲ ਵਿੱਚ ਪਿਛਲੇ ਕਈ ਸਾਲਾਂ ਤੋਂ ਪਾਣੀ ਉਤੇ ਕਾਫੀ ਚਿੰਤਾ ਜਤਾਈ ਜਾਂਦੀ ਹੈ ਅਤੇ ਵੱਡੇ ਵੱਡੇ ਦਾਅਵੇ ਵੀ ਕੀਤੇ ਜਾਂਦੇ ਹਨ ਖਾਸ ਕਰਕੇ ਜਦੋਂ 2002 -07 ਤੱਕ ਕਾਂਗਰਸ ਸਰਕਾਰ ਨੇ ਐਸ ਵਾਈ ਐਲ ਸਮਝੋਤੇ ਨੂੰ ਵਿਧਾਨ ਸਭਾ ਵਿੱਚ ਰੱਦ ਕੀਤਾ ਸੀ, ਫਿਰ ਅਕਾਲੀ ਸਰਕਾਰ ਨੇ ਆਪਣੀ ਦੂਜੀ ਪਾਰੀ ਯਾਨੀ 2012-2017 ਤੱਕ ਐਸ ਵਾਈ ਐਲ ਸਮਝੋਤੇ ਦੀ ਜਮੀਨ ਕਿਸਾਨਾਂ ਨੂੰ ਵਾਪਸ ਕਰਨ ਦਾ ਐਲਾਨ ਕੀਤਾ। ਇਸ ਨਾਲ ਕੋਈ ਫਰਕ ਨਹੀ ਪਿਆ, ਸੂਬੇ ਦਾ ਦਰਿਆਈ ਪਾਣੀ ਵਿੱਚ ਨਾਂ ਤਾਂ ਹਿੱਸਾ ਵੱਧਿਆ ਨਾ ਹੀ ਕੋਈ ਰਾਇਲਟੀ ਮਿਲੀ। ਜਦਕਿ ਬਾਕੀ ਸੂਬੇ ਜਿਵੇਂ ਕਿਸੇ ਕੋਲ ਕੋਲਾ, ਜਿਪਸਮ, ਪਥਰ, ਲੋਹਾ ਜਾਂ ਕੋਈ ਹੋਰ ਧਾਤ ਲੈਂਦੇ ਹੈ ਉਹ ਸਭ ਰਾਇਲਟੀ ਲੈਂਦੇ ਹਨ। ਪੰਜਾਬ ਨੂੰ ਪਾਣੀ ਦੇ ਬਦਲੇ ਇਸ ਤਰ੍ਹਾਂ ਦੀ ਕੋਈ ਸੁਵਿਧਾ ਨਹੀ ਮਿਲੀ ਬਾਕੀ ਸਰਕਾਰਾਂ ਜਾਂ ਰਾਜਨੀਤਿਕ ਪਾਰਟੀਆਂ ਸਿਰਫ ਵੋਟਾਂ ਨੇੜੇ ਆਕੇ ਮੁੱਦੇ ਨੂੰ ਚੱਕਦੇ ਰਹੇ ਹਨ। ਪਰ ਜਿੱਤਣ ਤੋਂ ਬਾਅਦ ਸਭ ਥਾਂ ਦੀ ਥਾਂ ਹੀ ਚੁੱਪ ਹੋ ਜਾਂਦੇ ਹਨ। ਇਸ ਦੇ ਨਾਲ ਨਾਲ ਧਰਤੀ ਹੇਠਲੇ ਪਾਣੀ ਦੀ ਘਾਟ ਦੀ ਗੱਲ ਚੱਲੀ ਤਾਂ ਬੜੀ ਚਲਾਕੀ ਨਾਲ ਵਿਦਵਾਨਾ ਨੇ ਇਸ ਦਾ ਇਲਜ਼ਾਮ ਕਿਸਾਨਾਂ ਦੇ ਸਿਰ ਲਾ ਦਿੱਤਾ, ਕਿਉਂਕਿ ਉਹ ਵਿਚਾਰੇ ਨਾਂ ਤਾਂ ਆਪਣੀ ਗੱਲ ਰੱਖ ਸਕਦੇ ਸੀ ਤੇ ਨਾਂ ਹੀ ਕੋਈ ਜ਼ਰੀਆ ਸੀ ਗੱਲ ਰੱਖਣ ਦਾ ਪਰ ਹੁਣ ਕਿਸਾਨ ਅੰਦੋਲਨ ਨੇ ਇਹ ਰਸਤਾ ਖੋਲਿਆ ਹੈ ਜੇ ਕਿਸਾਨ ਇਸ ਨੂੰ ਆਪਸੀ ਏਕਤਾ ਰੱਖ ਕਿ ਬਰਕਰਾਰ ਰੱਖ ਪਾਉਣ। ਇਸ ਵੇਲੇ ਸਿਰਫ ਤੇ ਸਿਰਫ ਝੋਨੇ ਨੂੰ ਹੀ ਪਾਣੀ ਖਤਮ ਹੋਣ ਦਾ ਕਾਰਨ ਮੰਨਿਆ ਜਾਂਦਾ ਹੈ ਜਦਕਿ ਇਹ ਸਚਾਈ ਨਹੀ, ਪਾਣੀ ਦਾ ਪੱਧਰ ਹੇਠਾਂ ਜਾਣ ਵਿੱਚ ਮੁੱਖ ਕਾਰਨ ਗਲਤ ਹੋਈ ਦਰਿਆਈ ਪਾਣੀਆਂ ਦੀ ਵੰਡ ਅਤੇ ਕਰਾਪਿੰਗ ਹੈ।



ਡਾ. ਅਮਨਪ੍ਰੀਤ ਸਿੰਘ ਬਰਾੜ
96537-90000

ਦਰਿਆਈ ਪਾਣੀਆਂ ਦੀ ਗਲਤ ਵੰਡ ਸੰਨ 1966 ਤੋਂ ਪਹਿਲਾਂ ਜਦੋਂ ਪੰਜਾਬ ਦੀ ਵੰਡ ਨਹੀ ਹੋਈ ਸੀ ਉਸ ਵੇਲੇ ਪੰਜਾਬ ਵਿੱਚ 4 ਦਰਿਆ ਵੱਗਦੇ ਸਨ ਰਾਵੀ, ਬਿਆਸ, ਸਤਲੁਜ ਅਤੇ ਯਮੁਨਾ, ਪਰ ਵੰਡ ਤੋਂ ਬਾਅਦ ਯਮੁਨਾ ਦਾ ਸਾਰਾ ਪਾਣੀ ਹਰਿਆਣੇ ਨੂੰ ਮਿ-ਲਿਆ। ਸਤਲੁਜ ਵਿੱਚੋਂ 1.11 ਮਿਲੀਅਨ ਏਕੜ ਫੁੱਟ ਪਾਣੀ ਰਾਜਸਥਾਨ ਨੂੰ ਦਿੱਤਾ ਗਿਆ ਗੰਗ ਕਨਾਲ ਦੇ ਜਰੀਏ ਅਤੇ 15.22 ਪ੍ਰਤੀਸ਼ਤ ਹਿੱਸਾ ਭਾਖੜਾ ਨਹਿਰ ਵਿਚੋਂ ਜਾਂਦਾ ਹੈ। ਭਾਖੜਾ ਨਹਿਰ ਦਾ 49 ਫੀਸਦੀ ਹਿੱਸਾ ਹਰਿਆਣਾ ਅਤੇ 35 ਫੀਸਦੀ ਹਿੱਸਾ ਪੰਜਾਬ ਵਿੱਚ ਵਰਤਿਆ ਜਾਂਦਾ ਹੈ। 1966 ਵਿੱਚ ਪੰਜਾਬ ਦੀ ਖੇਤੀ ਐਨੀ ਪ੍ਰਫੂਲਿਤ ਨਹੀ ਸੀ ਅਤੇ ਰਾਵੀ ਅਤੇ ਬਿਆਸ ਦੇ ਪਾਣੀ ਨੂੰ ਫਾਲਤੂ ਦੱਸਿਆ ਗਿਆ ਅਤੇ ਇਸ ਦਾ ਅੰਦਾਜ਼ਾ ਲਗਾਇਆ ਗਿਆ 15.22 ਮਿਲੀਅਨ ਏਕੜ ਫੁੱਟ ਅਤੇ ਇਸ ਵਿਚੋਂ 8 ਮਿਲੀਅਨ ਏਕੜ ਫੁੱਟ ਰਾਜਸਥਾਨ ਨੂੰ ਦਿਤਾ ਗਿਆ ਅਤੇ 7.22 ਮਿਲੀਅਨ ਏਕੜ ਫੁੱਟ ਪੰਜਾਬ ਕੋਲ ਸੀ। ਪੰਜਾਬ ਦੀ 1966 ਦੀ ਵੰਡ ਤੋਂ ਬਾਅਦ 3.5 ਮਿਲੀਅਨ ਏਕੜ ਫੁੱਟ ਹਰਿਆਣੇ ਨੂੰ ਦਿਤਾ ਗਿਆ ਜਦਕਿ ਪੰਜਾਬ ਕੋਲ ਸਿਰਫ 3.72 ਮਿਲੀਅਨ ਏਕੜ ਫੁੱਟ ਰਹਿ ਗਿਆ। ਜਿਸ ਵਿੱਚੋਂ 0.22 ਮਿਲੀਅਨ ਏਕੜ ਫੁੱਟ ਐਮਰਜੈਂਸੀ ਵੇਲੇ ਦਿੱਲੀ ਨੂੰ ਦੇ ਦਿੱਤਾ ਗਿਆ। ਜਦੋਂ ਪਾਣੀ ਦੀ ਵੰਡ ਕੀਤੀ ਗਈ ਉਸ ਵੇਲੇ ਬਾਰਿਸ਼ ਹੁਣ ਨਾਲੋਂ ਜਿਆਦਾ ਹੁੰਦੀ ਸੀ ਜੇ 1970 ਤੱਕ ਤੋਂ ਪਹਿਲਾਂ ਹੁਣ ਵਾਲੇ ਪੰਜਾਬ ਵਿੱਚ ਔਸਤ ਬਾਰਸ਼65 ਸੈਟੀਮੀਟਰ ਗਿਣੀ ਜਾਂਦੀ ਸੀ ਜੋ 1970 ਤੋਂ 1999 ਤੱਕ ਦੀ ਔਸਤ ਘੱਟ ਕੇ 60.6 ਸੈਟੀਮੀਟਰ ਰਹਿ ਗਈ ਅਤੇ 2000 ਤੋਂ 2017 ਵਿੱਚ ਇਹ ਔਸਤ ਹੋਰ ਘੱਟ ਕਿ 44.5 ਸੈਟੀਮੀਟਰ ਰਹਿ ਗਈ ( ਬੀ ਐਸ ਸਿਧੂ ਅਤੇ ਸਾਥੀ 2020) ਹਰ ਸੂਬਾ ਵੰਡ ਮੁਤਾਬਕ ਪਾਣੀ ਮੰਗਦਾ ਹੈ ਜਦਕਿ ਜਿਨ੍ਹਾਂ ਪਾਣੀ ਵੰਡ ਵੇਲੇ ਅਨੁਮਾਨਤ ਸੀ ਉਨਾਂ ਕੋਲ ਪਾਣੀ ਹੈ ਹੀ ਨਹੀਂ।

ਇਸ ਤੋਂ ਇਲਾਵਾ ਪੰਜਾਬ ਦੀ ਧਰਤੀ ਉਪਜਾਊ ਸ਼ਕਤੀ ਵਾਲੀ ਹੈ ਅਤੇ ਸਭ ਤੋਂ ਜਿਆਦਾ ਉਤਪਾਦਕਤਾ ਦਿੰਦੀ ਹੈ ਅਤੇ ਨਹਿਰੀ ਪਾਣੀ ਦੇ ਨੇੜੇ ਹੈ, ਜਦਕਿ ਰਾਜਸਥਾਨ ਨਹਿਰ ਦੀ ਸਟੇਜ 2 ਵਾਲੀ ਜਮੀਨ ਟਿੱਬੇ ਅਤੇ ਰੇਤਾ ਹੋਣ ਕਰਕੇ ਉਥੇ ਪਾਣੀ ਦੀ ਬਰਬਾਦੀ ਹੈ। ਇਸ ਦਾ ਪ੍ਰਮਾਣ ਖੁਦ ਕਾਜ਼ਰੀ (ਛਅਗ਼ੀ)ਦੀ ਖੋਜ ਹੈ ਜੋ ਸਰਕਾਰੀ ਸੰਸਥਾ ਹੈ, ਉਸ ਦੀ ਰਿਪੋਰਟ ਵਿੱਚ ਕਿਹਾ ਗਿਆ ਕਿ ਜਿਥੇ 8 ਤੋਂ 10 ਫੀਸਦੀ ਬਨਸਪਤੀ ਹੈ ਉਥੇ ਤਾਂ ਟਿੱਬਾ ਸਥਿਰ ਰਹਿੰਦਾ ਹੈ, ਪਰ ਜਦੋਂ ਇਸ ਟਿੱਬੇ ਨੂੰ ਫਸਲ ਬੀਜਣ ਲਈ ਛੇੜਿਆ ਜਾਂਦਾ ਹੈ ਤਾਂ ਇਹ ਰੇਤਾ ਉਥੋਂ ਅੱਗੇ ਰੁੜਜਾਂਦਾ ਹੈ ਅਤੇ ਜਿਥੇ ਬਨਸਪਤੀ ਹੈ ਉਥੇ ਨਵਾਂ ਟਿੱਬਾ ਲੱਗ ਜਾਂਦਾ ਹੈ। ਇਸ ਰਿਪੋਰਟ ਮੁਤਾਬਕ ਟਰੈਕਟਰ ਨਾਲ ਵਾਹੀ ਜਮੀਨ ਵਿਚੋਂ 1200 ਟਨ ਰੇਤਾ ਪ੍ਰਤੀ ਏਕੜ ਦੇ ਹਿਸਾਬ ਨਾਲ ਉੱਡ ਜਾਂਦਾ ਹੈ ਕਿਉਂਕਿ ਇਥੇ ਹਵਾ ਦੀ ਔਸਤਨ ਗਤੀ 25 ਤੋ 27 ਕਿਲੋਮੀਟਰਹੁੰਦੀ ਹੈ ਅਤੇ ਹਨੇਰੀ ਸਮੇ ਇਸ ਦੀ ਗਤੀ 50 ਤੋਂ 100 ਕਿਲੋਮੀਟਰ ਤੱਕ ਹੋ ਜਾਂਦੀ ਹੈ। ਇਥੋਂ ਤੱਕ ਪਾਣੀ ਲਿਜਾਣ ਲਈ ਵੱਡੀਆਂ ਮੋਟਰਾਂ ਨਾਲ ਲਿਫਟ ਕੀਤਾ ਗਿਆ ਹੈ ਜੋ ਪਾਣੀ ਹੇਠੋਂ ਚੁੱਕ ਕੇ ਉਪਰ ਸਿੱਟਦੀਆ ਹਨ। ਇਸ ਲਈ ਵੱਡੀ ਮਾਤਰਾ ਵਿੱਚ ਬਿਜਲੀ ਦੀ ਖਪਤ ਹੁੰਦੀ ਹੈ। ਅਸਲ ਵਿੱਚ ਇਸ ਜ਼ਮੀਨ ਨੂੰ ਕਾਰਖਾਨਿਆਂ ਲਈ ਵਰਤਿਆ ਜਾਣਾ ਚਾਹੀਦਾ ਸੀ ਅਤੇ ਪਾਣੀ ਪੰਜਾਬ ਨੂੰ ਦੇਣਾ ਚਾਹੀਦਾ ਹੈ ਤਾਂ ਜੋ ਸਾਡਾ ਧਰਤੀ ਹੇਠਲਾਂ ਪਾਣੀ ਘੱਟ ਵਰਤਿਆ ਜਾਵੇ।

ਕਰਾਪਿੰਗ ਇਸ ਵੇਲੇ ਸਾਡੇ ਧਰਤੀ ਹੇਠਲੇ ਪਾਣੀ ਦੇ ਖਤਮ ਹੋਣ ਵਿੱਚ ਝੋਨੇ ਨਾਲੋਂ ਵੱਧ ਜਿੰਮੇਵਾਰ ਸਾਡੀ ਕਰਾਪਿੰਗ ਹੈ। ਸਾਡੇ ਸੂਬੇ ਦੇ ਤਕਰੀਬਨ ਹਰ ਕੋਨੇ ਵਿੱਚ ਸਾਲ ਵਿੱਚ ਦੋ ਫਸਲਾ ਤਾਂ ਲਈਆ ਜਾਂਦੀਆ ਹਨ। ਕਈ ਜਗ੍ਹਾਂ ਤੇ ਜਿਆਦਾ ਵੀ ਲਈਆ ਜਾਂਦੀਆ ਹਨ। ਪਰ ਖੇਤੀਬਾੜੀ ਮਹਿਕਮੇ ਅਨੁਸਾਰ ਫਸਲਾਂ ਦੀ ਘਣਤਾ 186 ਫੀਸਦੀ ਹੈ ਜਦਕਿ ਹਕੀਕਤ ਵਿੱਚ ਇਹ 230-240 ਫੀਸਦੀ ਦੇ ਨੇੜੇ ਤੇੜੇ ਹੈ ਕਿਉਂਕਿ ਗੰਨਾ, ਬਾਗ, ਸਬਜੀਆਂ ਅਤੇ ਪੱਠੇ ਸਾਰਾ ਸਾਲ ਹੀ ਬੀਜੇ ਰਹਿੰਦੇ ਹਨ ਸੋ ਨਾਲ ਹੀ ਪਾਣੀ ਦੀ ਜਰੂਰਤ ਵੀ ਰਹਿੰਦੀ ਹੈ। ਹਰ ਫਸਲ ਦੀ ਇਵੇਪਟੋਰਾਸਪੀਰੇਸ਼ਨ (ਈ ਟੀ) ਅੱਲਗ ਹੈ ਜੇ ਸਾਉਣੀ ਦੀਆਂ ਫਸਲਾਂ ਦੀ ਗੱਲ੍ਹ ਕਰੀਏ ਝੋਨੇ ਲਈ ਈ ਟੀ 73 ਸੈਟੀਮੀਟਰ, ਗੰਨੇ ਦੀ 180 ਚਮ, ਨਰਮੇ ਦੀ 65 ਚਮ, ਮੱਕੀ 60 ਚਮਅਤੇ ਮੂੰਗਫਲੀ 50 ਚਮ, ਜਦਕਿ ਹਾੜੀ ਦੀ ਗੱਲ ਕਰੀਏ ਤਾਂ ਕਣਕ ਲਈ 50 ਚਮਛੋਲਿਆਂ ਲਈ 40 ਚਮਸਰੋਂ ਲਈ 35 ਚਮ ਯਾਨੀ ਜੇ ਝੋਨੇ ਦਾ ਬਦਲ ਨਰਮਾ ਹੈ ਤਾਂ ਅਸੀ 8 ਚਮ ਅਤੇ ਮੱਕੀ ਬੀਜਣ ਨਾਲ 13 ਚਮ ਪਾਣੀ ਬਚਾਇਆ, ਹੁਣ ਗੱਲ ਹੈ ਕਿ ਜੇ ਝੋਨੇ ਦੀ ਜਗ੍ਹਾਂ ਮੱਕੀ ਬੀਜੀ ਜਾਂਦੀ ਹੈ ਤਾਂ ਕੀ ਹਕੀਕਤ ਵਿੱਚ ਪਾਣੀ ਦੀ ਖਪਤ ਘਟੇਗੀ, ਨਹੀ ਇਹ ਵੱਧ ਜਾਵੇਗੀ, ਕਿਉਂਕਿ ਭਾਵੇਂ ਮੱਕੀ ਨੇ ਝੋਨੇ ਨਾਲੋਂ 13 ਚਮ ਪਾਣੀ ਘੱਟ ਲੈਣਾ ਹੈ, ਪਰ ਇਸਨੇ ਕਿਸਾਨਾਂ ਦਾ ਘਰ ਪੂਰਾ ਨਹੀ ਕਰਨਾ ਯਾਨੀ ਕਿ ਇਕ ਮੱਕੀ ਦਾ ਝਾੜ ਘੱਟ ਹੈ ਦੂਜਾ ਰੇਟ ਨਹੀ ਮਿਲਦਾ ਜਿਸ ਕਾਰਨ ਕਿਸਾਨ ਕਣਕ ਅਤੇ ਮੱਕੀ ਵਿੱਚਲੇ ਸਮੇਂ ਵਿੱਚ ਯਾਨੀ (15 ਅਪ੍ਰੈਲ ਤੋਂ 30 ਜੂਨ) ਤੱਕ ਇੱਕ ਤੀਜੀ ਫਸਲ ਸੱਠੀ ਮੂੰਗੀ ਜਾਂ ਪੱਠਿਆਂ ਦੀ ਲਏਗਾ ਜਿਸਨੇ ਫੇਰ 45 ਤੋਂ 50 ਚਮ ਪਾਣੀ ਲੈਣਾ ਹੈ ਉਹ ਵੀ ਸਿਰੇ ਦੀ ਗਰਮੀ ਵਿੱਚ। ਪੰਜਾਬ ਵਿੱਚ ਔਸਤਨ ਬਾਰਿਸ਼ 45 ਸੈਂਟੀਮੀਟਰ ਹੁੰਦੀ ਹੈ ਜਦਕਿ ਜੋ ਫਸਲਾਂ ਬੀਜੀਆਂ ਜਾਂਦੀਆਂ ਹਨ ਉਹਨਾਂ ਨੂੰ 125 ਸੈਟੀਮੀਟਰ ਦੇ ਕਰੀਬ ਪਾਣੀ ਚਾਹੀਦਾ ਹੈ। ਪੰਜਾਬ ਵਿੱਚ ਇਸ ਵੇਲੇ ਤਕਰੀਬਨ 35 ਬਿਲੀਅਨ ਕਿਯੁਬਿਕ ਮੀਟਰ ਪਾਣੀ ਧਰਤੀ ਹੇਠੋਂ ਕੱਢਿਆ ਜਾਂਦਾ ਹੈ। ਬਾਰਿਸ਼ ਦਰਿਆਈ ਪਾਣੀ ਨਾਲ ਧਰਤੀ ਹੇਠਲਾਂ ਰੀਚਾਰਜੇਬਲ ਪਾਣੀ ਤਕਰੀਬਨ 22 ਬਿਲੀਅਨ ਕਿਉਬਿਕ ਮੀਟਰ ਬਣਦਾ ਹੈ ਅਤੇ 9 ਬਿਲੀਅਨ ਕਿਯੁਬਿਕ ਮੀਟਰ ਪਾਣੀ, ਹਰ ਸਾਲ ਧਰਤੀ ਹੇਠਲੇ ਰਿਜ਼ਰਵ ਪਾਣੀ ਵਿਚੋਂ ਵਰਤਿਆ ਜਾਂਦਾ ਹੈ, ਜਿਸ ਕਾਰਨ ਪਾਣੀ ਦੀ ਸਤਹ 1 ਮੀਟਰ ਤੱਕ ਸਾਲਾਨਾ ਹੇਠਾਂ ਜਾ ਰਹੀ ਹੈ।

ਘਰੇਲੂ ਪਾਣੀ ਦੀ ਦੁਰਵਰਤੋਂ :- ਪੰਜਾਬ ਦੇ ਜਿਆਦਾਤਰ ਸ਼ਹਿਰਾਂ ਵਿੱਚ ਲੋਕ ਧਰਤੀ ਹੇਠਲਾਂ ਪਾਣੀ ਹੀ ਵਰਤੇਦੇ ਹਨ। ਸ਼ਹਿਰਾਂ ਵਿੱਚ ਮਿਉਂਸੀਪਲ ਕਾਰਪੋਰੇਸ਼ਨ ਦੇ ਟਿਊਬਵੈਲ ਵੀ ਹਨ ਅਤੇ ਪ੍ਰਾਈਵੇਟ ਕਾਲੋਨੀ ਵਿੱਚ ਜਿਥੇ ਕਾਰਪੋਰੇਸ਼ਨ ਦੀ ਸਪਲਾਈ ਹੈ ਵੀ ਉਥੇ ਵੀ ਲੋਕਾਂ ਨੇ ਨਿੱਜੀ ਸਬਮਰਸਿਬਲ ਪੰਪ ਵੀ ਲਗਾਏ ਹਨ। ਕਿਸਾਨਾਂ ਨੂੰ ਤਾਂ ਨਵਾਂ ਕੁਨੈਕਸ਼ਨ ਦਿੱਤਾ ਨਹੀ ਜਾਂਦਾ ਪਰ ਸ਼ਹਿਰੀਆਂ ਤੇ ਇਸ ਦੀ ਕੋਈ ਰੋਕ ਟੋਕ ਨਹੀ। ਸ਼ਹਿਰਾਂ ਵਿੱਚ ਸਵੇਰੇ ਚੱਕਰ ਮਾਰੋ ਤੁਹਾਨੂੰ ਗੱਡੀਆਂ ਧੌਣ ਵਾਲਿਆਂ ਦੀ ਭਰਮਾਰ ਮਿਲੇਗੀ। ਇਹ ਸਾਫ ਪਾਣੀ ਸੜਕਾਂ ਤੇ ਰੋੜ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਬਾਹਰ ਵਿਹੜੇ ਧੌਣ ਲਈ, ਇਥੋਂ ਤੱਕ ਹੁਣ ਨਹਾਉਣ ਲਈ ਵੀ ਬਾਲਟੀ ਦਾ ਬਦਲ ਵੱਡੇ ਸਾਵਰ ਆ ਗਏ ਹਨ। ਜਿਸ ਵਿੱਚ ਪਤਾ ਹੀ ਨਹੀ ਲੱਗਦਾ ਕਿੰਨਾ ਪਾਣੀ ਲੱਗ ਗਿਆ।

ਇਸੇ ਤਰ੍ਹਾਂ ਪਿੰਡਾਂ ਵਿੱਚ ਵੀ ਪਹਿਲਾਂ ਪਸ਼ੂਆਂ ਦਾ ਗੋਹਾ ਚੁੱਕਿਆ ਜਾਂਦਾ ਸੀ ਅੱਜ ਹਾਲਾਤ ਇਹ ਹਨ ਕਿ ਵੱਡੀ ਮੋਟਰ ਚਲਾਉ ਗੋਹਾ ਰੋੜ ਕੇ ਬਾਹਰ ਨਾਲੀ ਵਿੱਚ ਕੱਡ ਦਿਉ। ਜਿਸ ਨੂੰ ਰੋੜਨ ਲਈ ਹਜ਼ਾਰਾ ਲਿਟਰ ਪਾਣੀ ਲੱਗਦਾ ਹੈ ਬਾਅਦ ਵਿੱਚ ਨਾਲੀਆਂ ਬੰਦ ਹੋ ਜਾਂਦੀਆਂ ਹਨ ਅਤੇ ਗੰਦਾ ਪਾਣੀ ਫਿਰ ਗਲੀਆਂ ਵਿੱਚ ਖੜ੍ਹੋ ਜਾਂਦਾ ਹੈ।

ਨਿਚੋੜ : ਦਰਿਆਈ ਪਾਣੀਆਂ ਦੀ ਵੰਡ ਦੁਬਾਰਾ ਪਾਣੀ ਦੀ ਉਪਲੱਬਧਤਾ, ਪਾਣੀ ਦੀ ਵਰਤੋਂ ਨਾਲ ਪੈਦਾਵਾਰ ਅਤੇ ਪੀਣ ਵਾਲੇ ਪਾਣੀ ਦੀ ਲੋੜ ਅਨੁਸਾਰ ਹੋਣੀ ਚਾਹੀਦੀ ਹੈ। ਫਸਲਾਂ ਦੀ ਘਣਤਾ ਪੰਜਾਬ ਵਿੱਚ ਘੱਟਾਈ ਨਹੀ ਜਾ ਸਕਦੀ ਕਿਉਂਕਿ ਆਬਾਦੀ ਦਾ ਵੱਡਾ ਹਿੱਸਾ ਖੇਤੀ ਤੇ ਨਿਰਭਰ ਹੈ, ਪਰ ਕੁੱਝ ਫਸਲਾਂ ਦੀਆਂ ਕਿਸਮਾਂ (ਧਾਨ ਦੀ ਥੌੜੇ ਸਮੇਂ ਵਿੱਚ ਪੱਕਣ ਵਾਲੀ ਕਿਸਮ) ਅਤੇ ਢੰਗ ਤਰੀਕੇ ਇਹੋ ਜਿਹੇ ਲੱਭਣੇ ਚਾਹੀਦੇ ਹਨ ਕਿ ਘੱਟ ਪਾਣੀ ਨਾਲ ਵੀ ਵੱਧ ਪੈਦਾਵਾਰ ਨਿਕਲੇ। ਪੈਂਡੂ ਅਬਾਦੀ ਲਈ ਬਦਲਵੇ ਰੋਜ਼ਗਾਰ ਲੱਭੇ ਜਾਣ। ਘਰੇਲੂ ਪਾਣੀ ਦੀ ਵਰਤੋ ਵੀ ਸੰਜਮ ਨਾਲ ਵਰਤੋਂ ਕਰਨ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਦੇਖਣਾ ਇਹ ਹੈ ਕਿ ਨਵੀਂ ਸਰਕਾਰ ਇਸ ਮਸਲੇ ਨੂੰ ਹੱਲ ਕਰਨ ਲਈ ਕਿੰਨੇ ਕੁ ਯਤਨ ਕਰਦੀ ਹੈ।

## ਤੋਹਫਾ

ਮਿੰਨੀ ਕਹਾਣੀ

ਭਾਰਤੀ ਸੰਸਕ੍ਰਿਤੀ ਵਿੱਚ ਮਹਿਮਾਨ ਨੂੰ ਤੋਹਫਾ ਦੇਣ ਦੀ ਰਵਾਇਤ ਸਦੀਆਂ ਤੋਂ ਹੈ। ਹਰ ਕੋਈ ਆਪਣੀ ਹੈਸੀਅਤ ਮੁਤਾਬਕ ਤੋਹਫਾ ਦਿੰਦਾ ਆ ਰਿਹਾ ਹੈ। ਤੋਹਫੇ ਦੇ ਪਿੱਛੇ ਪਿਆਰ ਤੇ ਸਨਮਾਨ ਦੀ ਭਾਵਨਾ ਹੈ। ਲੋਕਤੰਤਰਿਕ ਵਿਵਸਥਾ ਵਿੱਚ ਨੇਤਾਵਾਂ ਤੇ ਅਧਿਕਾਰੀਆਂ ਨੂੰ ਤੋਹਫੇ ਦਾ ਰੁਝਾਨ ਸ਼ੁਰੂ ਹੋਇਆ ਹੈ।ਤੋਹਫਾ, ਖਾਤਿਰਦਾਰੀ ਚੰਗੀ ਹੋਵੇ ਤਾਂ ਨੇਤਾ-ਅਧਿਕਾਰੀ ਦਾ ਦੌਰਾ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ।

ਕਿਰਤ ਵਿਭਾਗ ਦੇ ਡਾਇਰੈਕਟਰ ਕੁੰਵਰ ਸਾਹਿਬ ਦਾ ਰਾਜਗੜ੍ਹ ਦਾ ਦੌਰਾ ਆਇਆ ਤਾਂ ਖੇਤਰੀ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਸਾਹਿਬ ਨੂੰ ਚਾਦਰ ਤੇ ਟੋਪੀ ਤੋਹਫੇ ਵਜੋਂ ਦੇਣ ਲਈ 600 ਰੁਪਏ ਇਕੱਠੇ ਕੀਤੇ। ਸਾਹਿਬ ਦੇ ਆਗਮਨ ਉੱਤੇ ਫੁੱਲਾਂ ਦਾ ਗੁਲਦਸਤਾ ਅਤੇ ਸ਼ਾਲ, ਟੋਪੀ ਤੋਹਫੇ ਵਜੋਂ ਦਿੱਤੇ ਗਏ। ਸਾਹਿਬ ਤਾਂ ਹਰ ਮਹੀਨੇ ਪ੍ਰਦੇਸ਼ ਦੇ ਦੌਰੇ ਉੱਤੇ ਰਹਿੰਦੇ ਹਨ। ਉਨ੍ਹਾਂ ਦੇ ਮੋਢੇ ਉੱਤੇਸ਼ਾਲ ਪਾਈ ਤਾਂ ਉਨ੍ਹਾਂ ਨੂੰ ਮਹਿਸੂਸ ਹੋ ਗਿਆ ਕਿ ਸ਼ਾਲ ਸਸਤੀ ਹੈ। ਫਿਰ ਕੀ ਸੀ? ਬੈਠਕ ਦੇ ਸ਼ੁਰੂ ਵਿੱਚ ਹੀ ਸਾਹਿਬ ਦੇ ਤੇਵਰ ਬਦਲ ਗਏ। ਦਫਤਰ ਦੀ ਸਫਾਈ, ਹਾਜ਼ਰੀ, ਕਾਰਜਸ਼ੈਲੀ, ਲੇਖਾ-ਜੋਖਾ ਉੱਤੇ ਟਿੱਪਣੀ ਸ਼ੁਰੂ ਹੋ ਗਈ। ਅਧਿਕਾਰੀ-ਕਰਮਚਾਰੀ ਸਿਰ ਝੁਕਾ ਕੇ ਬੈਠੇ ਰਹੇ।

ਦਫਤਰ ਦੇ ਬਜ਼ੁਰਗ ਵਰਕਰ ਸੀਤਾ ਰਾਮ ਨੂੰ ਆਪਣੇ ਤਜ਼ਰਬੇ ਨਾਲ ਮਹਿਸੂਸ ਹੋ ਗਿਆ ਕਿ ਤੋਹਫਾ ਸਸਤਾ ਸੀ, ਇਸ ਲਈ ਸਾਹਿਬ ਭੜਕੇ ਹਨ। ਫਿਰ ਕੀ ਸੀ, ਸ਼ਾਮ ਨੂੰ ਸਾਰਿਆਂ ਨੇ ਫਿਰ ਪੈਸੇ ਇਕੱਠੇ ਕੀਤੇ ਅਤੇ ਪੰਜ ਹਜ਼ਾਰ ਦੀ ਨਵੀਂ ਸ਼ਾਲ ਤੇ ਟੋਪੀ ਖਰੀਦੀ ਗਈ। ਰਾਤ ਨੂੰ ਡਿਨਰ ਵਿੱਚ ਦਾਲ ਦੇ ਬਦਲੇ ਮੁਰਗਾ ਤੇ ਅੰਗਰੇਜ਼ੀ ਪੀਣ ਵਾਲਾ ਪਾਣੀ ਰੱਖਿਆ।

ਸਵੇਰੇ ਜਦੋਂ ਕੁੰਵਰ ਸਾਹਿਬ ਵਾਪਸ ਜਾਣ ਲੱਗੇ ਤਾਂ ਖੇਤਰੀ ਅਧਿਕਾਰੀ ਨੇ ਤੋਹਫੇ ਦਾ ਨਵਾਂ ਲਿਫਾਫਾ ਫੜਾਉਂਦੇ ਹੋਏ ਸਾਹਿਬ ਨੂੰ ਕਿਹਾ, ''ਸਾਹਿਬ ਅਸੀਂ ਮੈਡਮ ਨੂੰ ਤੋਹਫਾ ਦੇਣਾ ਭੁੱਲ ਗਏ ਸੀ।

ਤੋਹਫਾ ਫੜ ਕੇ ਸਾਹਿਬ ਦੇ ਚਿਹਰੇ ਉੱਤੇ ਰੌਣਕ ਆ ਗਈ। ਫਿਰ ਕੁੰਵਰ ਸਾਹਿਬ ਦਾ ਰੰਗ ਬਦਲ ਗਿਆ। ਸਾਰਿਆਂ ਨੂੰ ਸ਼ਾਬਾਸ਼ੀ ਦਿੱਤੀ। ਚੰਗਾ ਕੰਮ ਕਰ ਰਹੇ ਹੋ, ਚੰਗੀ ਰਿਪੋਰਟ ਦਾ ਵਾਅਦਾ ਕੀਤਾ। ਅਜਿਹੇ ਮਿਹਨਤੀ, ਇਮਾਨਦਾਰ ਵਰਕਰ ਮੈਂ ਪੂਰੇ ਸੂਬੇ ਵਿੱਚ ਨਹੀਂ ਦੇਖੇ।

ਸਾਹਿਬ ਦੀ ਗੱਡੀ ਰਾਜਗੜ੍ਹ ਨੂੰ ਪਿੱਛੇ ਛੱਡਦੇ ਜਦੋਂ ਅੱਗੇ ਵਧੀ ਤਾਂ ਕੁੰਵਰ ਸਾਹਿਬ ਨੇ ਲਿਫਾਫਾ ਖੋਲ੍ਹ ਕੇ ਸ਼ਾਲ ਦੀ ਪ੍ਰਸ਼ੰਸਾ ਕੀਤੀ। ਪੁਰਾਣਾ ਤੋਹਫਾ ਸਾਰਥੀ ਨੂੰ ਦੇਣ ਦੀ ਪੇਸ਼ਕਸ਼ ਕੀਤੀ। ''ਨਹੀਂ ਸਾਹਿਬ, ਮੇਰੇ ਕੋਲ ਸਤਿਕਾਰਯੋਗ ਪਿਤਾ ਜੀ ਵੱਲੋਂ ਦਿੱਤੀ ਗਈਮੋਟੀ ਸ਼ਾਲ ਹੈ। ਮੇਰੇ ਵਰਗੇ ਛੋਟੇ ਆਦਮੀ ਕੋਲ ਤਾਂ ਇੱਕ ਕਮਰੇ ਵਿੱਚ ਮਕਾਨ ਵਿੱਚ ਰੱਖਣ ਨੂੰ ਵੀ ਥਾਂ ਨਹੀਂ। ਗਰਮੀ ਵਿੱਚ ਸਾਹਿਬ ਕੀੜਾ ਵੀ ਲੱਗ ਜਾਂਦਾ ਹੈ ਅਤੇ ਨਾਲ ਸ਼ਾਲ ਚਿੱਟੀ ਹੈ। ਮੇਰੇ ਤੋਂ ਸੰਭਾਲੀ ਨਹੀਂ ਜਾਵੇਗੀ।''

''ਕੋਈ ਗੱਲ ਨਹੀਂ, ਤੂੰ ਠੀਕ ਬੋਲ ਰਿਹਾ ਹੈਂ।''

ਦਫਤਰ ਦੇ ਕਰਮਚਾਰੀ ਅਤੇ ਅਧਿਕਾਰੀ ਹੈਰਾਨ ਸਨ ਕਿ ਸਾਹਿਬ ਦੋਵੇਂ ਤੋਹਫੇ ਲੈ ਗਏ। ਬਜ਼ੁਰਗ ਕਰਮਚਾਰੀ ਨੇ ਕਿਹਾ ਤਾਂ ਹੀ ਰਿਪੋਰਟ ਚੰਗੀ ਲਿਖੀ ਜਾਵੇਗੀ। ਕੁਝ ਦਿਨ ਤੁਸੀਂ ਲੋਕ ਸਬਜ਼ੀ-ਦੁੱਧ ਬੱਚਿਆਂ ਲਈ ਕੁਰਕੁਰੇ ਤੇ ਚਾਕ-ਲੇਟ ਘਰ ਨਾ ਲੈ ਕੇ ਜਾਣਾ।

*-ਡਾਕਟਰ ਭੁਪਿੰਦਰ ਭਾਰਦਵਾਜ*



## ਜ਼ਮੀਨ ਦਾ ਕਬਜ਼ਾ ਛੱਡਣ ਵਾਲੇ ਪਰਿਵਾਰ ਦਾ ਮੰਤਰੀ ਵੱਲੋਂ ਧੰਨਵਾਦ



ਸਨੌਰ, 3 ਮਈ (ਪੋਸਟ ਬਿਊਰੋ)- ਪੰਜਾਬ ਦੇ ਜੰਗਲਾਤ ਵਿਭਾਗ ਦੀ 43 ਏਕੜ ਜ਼ਮੀਨ ਤੋਂ ਆਪਣੀ ਸਹਿਮਤੀ ਨਾਲ ਨਾਜਾਇਜ਼ ਕਬਜ਼ਾ ਛੱਡਣ ਵਾਲੇ ਹਲਕਾ ਸਨੌਰ ਦੇ ਪਿੰਡ ਨੈਣ ਖੁਰਦ ਦੇ ਪਰਵਾਰ ਦਾ ਧੰਨਵਾਦ ਕਰਨ ਲਈ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਕੱਲ੍ਹ ਉਚੇਚੇ ਤੌਰ ਉੱਤੇ ਉਨ੍ਹਾਂ ਦੇ ਘਰ ਪੁੱਜੇ।

ਇਸ ਦੌਰਾਨ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਰਵਾਰ ਦੀ ਮੈਂਬਰ ਮਾਤਾ ਪਰਮਿੰਦਰ ਕੌਰ ਦੀ ਝੋਲੀ ਵਿੱਚ ਕਣਕ ਦੇ ਦਾਣੇ ਪਾਕੇ ਰਵਾਇਤੀ ਢੰਗ ਨਾਲ ਉਨ੍ਹਾਂ ਨੂੰ ਧੰਨਵਾਦ ਕੀਤਾ ਅਤੇ ਪਰਵਾਰ ਦੇ ਰਿਜ਼ਕ ਵਿੱਚ ਵਾਧੇ ਦੀ ਕਾਮਨਾ ਕੀਤੀ। ਧਾਲੀਵਾਲ ਨੇ ਕਿਹਾ ਕਿ ਇਸ ਪਰਵਾਰ ਨੇ ਸਰਕਾਰ ਦੇ ਰਿਜ਼ਕ ਵਿੱਚ ਵਾਧੇ ਲਈ ਇਹ ਜ਼ਮੀਨ ਛੱਡੀ ਹੈ, ਇਸ ਲਈ ਸਰਕਾਰ ਵੱਲੋਂ ਉਹ ਪਰਵਾਰ ਦੇ ਰਿਜ਼ਕ ਵਿੱਚ ਵਾਧੇ ਦੀ ਅਰਦਾਸ ਕਰਦੇ ਹੋਏ ਕਣਕ ਦੇ ਦਾਣੇ ਲੈ ਕੇ ਆਏ ਹਨ। ਧਾਲੀਵਾਲ ਨੇ ਕਿਹਾ ਕਿ ਪੰਚਾਇਤੀ ਜ਼ਮੀਨਾਂ ਤੇ ਛੱਪੜਾਂ ਤੋਂ ਕਬਜ਼ੇ ਛੁਡਾਉਣ ਦੀ ਮੁਹਿੰਮ ਨੂੰ ਵੱਡਾ ਹੁੰਗਾਰਾ ਮਿਲਿਆ ਹੈ। ਬਹੁਤੀਆਂ ਜ਼ਮੀਨਾਂ ਖੇਤੀ ਵਾਲੀਆਂ ਹਨ, ਜੋ ਖਾਲੀ ਕਰਵਾ ਕੇ ਖੁੱਲ੍ਹੀ ਬੋਲੀ ਰਾਹੀਂ ਪਾਰਦਰਸ਼ੀ ਢੰਗ ਨਾਲ ਠੇਕੇ ਉੱਤੇ ਦਿੱਤੀਆਂ ਜਾਣਗੀਆਂ। ਇਨ੍ਹਾਂ ਵਿੱਚ ਅੰਮ੍ਰਿਤਸਰ, ਲੁਧਿਆਣਾ ਤੇ ਕੁਝ ਹੋਰ ਸ਼ਹਿਰਾਂ ਵਿੱਚ ਸਨਅਤੀ ਖੇਤਰ ਦੀਆਂ ਜ਼ਮੀਨਾਂ ਵੀ ਸ਼ਾਮਲ ਹਨ, ਜਿਹੜੀਆਂ ਛੁਡਾਈਆਂ ਜਾਣਗੀਆਂ।

## ਗੁਟਕਾ ਸਾਹਿਬ ਉਤੇ ਅਗਰਬੱਤੀ ਦੀ ਮਸ਼ਹੂਰੀ ਛਾਪਣ ਦਾ ਨੋਟਿਸ

*** ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਜਾਂਚ ਟੀਮ ਭੇਜਣ ਦੇ ਹੁਕਮ**

ਅੰਮ੍ਰਿਤਸਰ, 3 ਮਈ (ਪੋਸਟ ਬਿਊਰੋ)- ਚੰਡੀਗੜ੍ਹ ਦੀ ਇੱਕ ਅਗਰਬੱਤੀਆਂ ਬਣਾਉਣ ਵਾਲੀ ਕੰਪਨੀ ਦੇਵ ਦਰਸ਼ਨ ਵੱਲੋਂ ਜਪੁਜੀ ਸਾਹਿਬ ਦੇ ਗੁਟਕੇ ਉਤੇ ਆਪਣੀ ਕੰਪਨੀ ਦੀ ਮਸ਼ਹੂਰੀ ਛਾਪਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖਤ ਨੋਟਿਸ ਲਿਆ ਅਤੇ ਇਸ ਦੀ ਜਾਂਚ ਲਈ ਟੀਮ ਭੇਜਣ ਦੇ ਹੁਕਮ ਦਿੱਤੇ ਹਨ। ਸ਼੍ਰੋਮਣੀ ਕਮੇਟੀ ਦੇ ਮੀਤ ਸੈਕਟਰੀ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਚੰਡੀਗੜ੍ਹ ਦੀ ਇਹ ਕੰਪਨੀ ਦੇਵ ਦਰਸ਼ਨ ਨਾਮ ਹੇਠ ਅਗਰਬੱਤੀਆਂ ਬਣਾਉਂਦੀ ਹੈ ਅਤੇ ਇਸ ਕੰਪਨੀ ਨੇ ਜਪੁਜੀ ਸਾਹਿਬ ਦਾ ਹਿੰਦੀ ਵਿੱਚ ਗੁਟਕਾ ਤਿਆਰ ਕਰਵਾ ਕੇ ਉਸ ਉਪਰ ਆਪਣੀ ਮਸ਼ਹੂਰੀ ਕੀਤੀ ਹੈ। ਕੰਪਨੀ ਵੱਲੋਂ ਅਗਰਬੱਤੀਆਂ ਦੇ ਡੱਬਿਆਂ ਵਿੱਚ ਗੁਟਕਾ ਪੈਕ ਕਰ ਕੇ ਵੀ




ਭੇਜਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਗੰਭੀਰ ਮਾਮਲਾ ਅਤੇ ਗੁਰਬਾਣੀ ਦਾ ਨਿਰਾਦਰ ਹੈ, ਜਿਸ ਨਾਲ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਦੀ ਜਾਂਚ ਧਰਮ ਪ੍ਰਚਾਰ ਕਮੇਟੀ ਦੇ ਧਾਰਮਿਕ ਪੜਤਾਲਾਂ ਵਿਭਾਗ ਨੂੰ ਸੌਂਪੀ ਹੈ। ਮੀਤ ਸੈਕਟਰੀਨੇ ਕਿਹਾ ਕਿ ਜਾਂਚ ਰਿਪੋਰਟ ਮਿਲਣ ਮਗਰੋਂ ਸਬੰਧਤ ਕੰਪਨੀ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

## ਪੁਰਾਣੀ ਰੰਜਿਸ਼ ਦੇ ਚੱਲਦਿਆਂ ਅੰਮ੍ਰਿਤਸਰ ਵਿਚ ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕੀਤਾ ਕਤਲ



ਅੰਮ੍ਰਿਤਸਰ, 3 ਮਈ (ਪੋਸਟ ਬਿਊਰੋ): ਪੁਰਾਣੀ ਰੰਜਿਸ਼ ਦੇ ਚੱਲਦਿਆਂ ਅੰਮ੍ਰਿਤਸਰ ਦੇ ਨਵਾਂ ਪਿੰਡ ਦੇ ਰਹਿਣ ਵਾਲੇ ਧਰਮਜੀਤ ਸਿੰਘ ਦਾ ਕੁਝ ਵਿਅਕਤੀਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਨੌਜਵਾਨ ਦਾ ਨਾਮ ਧਰਮਜੀਤ ਸਿੰਘ ਦੱਸਿਆ ਜਾ ਰਿਹਾ ਹੈ। ਪੁਲਸ ਮੌਕੇ ਤੇ ਪਹੁੰਚੀ ਅਤੇ ਆਪਣੀ ਜਾਂਚ ਕਰ ਰਹੀ ਹੈ। ਇਸ ਦੌਰਾਨ ਧਰਮਜੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਦਾ ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਹੈ ਕਿ ਜਦੋਂ ਪੁਲਸ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਪਰ ਉਹ ਸਮੇਂ ਸਿਰ ਇੱਥੇ ਨਹੀਂ ਪਹੁੰਚ ਸਕੇ ਜਿਸ ਕਰਕੇ ਸੁਖਦੇਵ ਅਤੇ ਉਸਦੇ ਸਾਥੀਆਂ ਵੱਲੋਂ ਸਾਡੇ ਬੱਚੇ ਦਾ ਕਤਲ ਕੀਤਾ ਗਿਆ। ਉੱਥੇ ਹੀ ਧਰਮਜੀਤ ਸਿੰਘ ਦੇ ਪਰਿਵਾਰਕ ਮੈਂਬਰ ਦਵਿੰਦਰ ਸਿੰਘ ਦਾ ਕਹਿਣਾ ਹੈ ਕਿ ਇਸ ਦਾ ਪੁਰਾਣਾ ਰੰਜਿਸ਼ ਚੱਲਦੀ ਆ ਰਹੀ ਸੀ ਜਿਸ ਨੂੰ ਲੈ ਕੇ ਇਸ ਦਾ ਕਤਲ ਕੀਤਾ ਗਿਆ ਹੈ ਅਤੇ ਇਸ ਦਾ ਮਾਮਲਾ ਜੋ ਹੈ ਉਹ ਰਿਪੋਰਟ ਵਿੱਚ ਵੀ ਚਲ ਰਿਹਾ ਸੀ ਪਰ ਉਨ੍ਹਾਂ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਨਸਾਫ ਦਿਵਾਇਆ ਜਾਵੇ ਅਤੇ ਸੁਖਦੇਵ ਸਿੰਘ ਜੋਬਨ ਅਤੇ ਸ਼ਮੀ ਨਾਮਕ ਨੌਜਵਾਨ ਜੋ ਇਸ ਕਤਲ ਵਿੱਚ ਸ਼ਾਮਲ ਹਨ ਉਨ੍ਹਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

ਉੱਥੇ ਦੂਜੇ ਪਾਸੇ ਪੁਲਸ ਮੌਕੇ ਤੇ ਪਹੁੰਚੀ ਅਤੇ ਉਨ੍ਹਾਂ ਵੱਲੋਂ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਕਰਵਾ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰਨ ਦੀ ਗੱਲ ਕਹੀ ਗਈ ਹੈ। ਪੁਲਿਸ ਦਾ ਕਹਿਣਾ ਹੈ ਕਿ ਕੁਝ ਦੋਸ਼ੀਆਂ ਨੂੰ ਅਸੀਂ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਜੋ ਬਾਕੀ ਦੋਸ਼ੀ ਹਨ ਉਨ੍ਹਾਂ ਨੂੰ ਵੀ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ ਹਾਲਾਂਕਿ ਇਹ ਦੋਵੇਂ ਦੋਵੇਂ ਪਰਿਵਾਰ ਆਪਸ ਵਿੱਚ ਪਹਿਲਾਂ ਹੀ ਮਿਲਦੇ ਵਰਤਦੇ ਸਨ ਲੇਕਿਨ ਇਹਨਾਂ ਦਾ ਕੇਸ ਕੋਰਟ ਵਿੱਚ ਚੱਲ ਰਿਹਾ ਸੀ ਅਤੇ ਕੋਰਟ ਚੋਂ ਇਨ੍ਹਾਂ ਵੱਲੋਂ ਜ਼ਮਾਨਤ ਅਰਜ਼ੀ ਤੇ ਆਏ ਹੋਏ ਸਨ ਉਥੇ ਪੁਲਸ ਨੇ ਵਿਸ਼ਵਾਸ ਜਤਾਇਆ ਕਿ ਅਸੀਂ ਸਖਤ ਤੋਂ ਸਖਤ ਕਾਰਵਾਈ ਕਰਾਂਗੇ ਅਤੇ ਜਲਦ ਹੀ ਬਾਕੀ ਦੋਸ਼ੀਆਂ ਨੂੰ ਵੀ ਗ੍ਰਿਫ਼ਤਾਰ ਕਰ ਲਵਾਂਗੇ ।

## ਇੰਟਰਨੈਟ ਦਾ ਬਿੱਲ ਨਾ ਦੇਣ ਉੱਤੇ ਹਸਪਤਾਲ ਦੀ ਓ ਪੀ ਡੀ ਵਿੱਚ ਪਰਚੀਆਂ ਦਾ ਕੰਮ ਠੱਪ ਰਿਹਾ

ਜਲੰਧਰ, 3 ਮਈ (ਪੋਸਟ ਬਿਊਰੋ)- ਹਫਤੇ ਦੇ ਪਹਿਲੇ ਦਿਨ ਸਿਵਲ ਹਸਪਤਾਲ ਵਿੱਚ ਇਲਾਜ ਕਰਾਉਣ ਲਈ ਆਉਣ ਵਾਲੇ ਮਰੀਜ਼ਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਹਸਪਤਾਲ ਪ੍ਰਸ਼ਾਸਨ ਵੱਲੋਂ ਇੰਟਰਨੈਟ ਦਾ ਬਿੱਲ ਨਾ ਦੇਣ ਕਾਰਨ ਓ ਪੀ ਡੀ ਸ਼ੁਰੂ ਹੁੰਦੇ ਹੀ ਕੰਪਿਊਟਰ ਸੈਕਸ਼ਨ ਵਿੱਚ ਕੰਮ ਠੱਪ ਹੋ ਗਿਆ।

ਹਸਪਤਾਲ ਪ੍ਰਸ਼ਾਸਨ ਦੀ ਇਸ ਗਲਤੀ ਕਾਰਨ ਮਰੀਜ਼ਾਂ ਨੂੰ ਕਾਫੀ ਇੰਤਜ਼ਾਰ ਕਰਨਾ ਪਿਆ। ਸੈਂਕੜੇ ਮਰੀਜ਼ ਬਿਨਾਂ ਇਲਾਜ ਕਰਾਏ ਵਾਪਸ ਚਲੇ ਗਏ। ਕਰੀਬ ਢਾਈ ਘੰਟੇ ਬਾਅਦ ਬਿੱਲ ਦੀ ਅਦਾਇਗੀ ਪਿਛੋਂ ਸਿਸਟਮ ਸ਼ੁਰੂ ਹੋਇਆ। ਰੋਜ 1000 ਦੇ ਕਰੀਬ ਮਰੀਜ਼ਾਂ ਦੀ ਓ ਪੀ ਡੀ ਹੁੰਦੀ ਹੈ, ਪ੍ਰੰਤੂ ਕੱਲ੍ਹ 655 ਪਰਚੀਆਂ ਹੀ ਬਣ ਸਕੀਆਂ।ਥੋੜ੍ਹਾ ਉਡੀਕ ਕਰਨ ਦੇ ਬਾਅਦ ਮਰੀਜ਼ ਗੁੱਸੇ ਵਿੱਚ ਆਉਣ ਲੱਗੇ ਤਾਂ ਹਸਪਤਾਲ ਦੇ ਸਟਾਫ ਵਿੱਚ ਅਫਰਾ-ਤਫਰੀ ਮੱਚ ਗਈ। ਹਸਪਤਾਲ ਨੇ ਕੈਸ਼ ਬਿੱਲ ਭਰਨ ਦੀ ਪੇਸ਼ਕਸ਼ ਕੀਤੀ, ਪਰ ਕੰਪਨੀ ਨੇ ਆਨਲਾਈਨ ਅਦਾਇਗੀ ਕਰਨ ਦੀ ਗੱਲ ਕਹੀ। ਸਿਵਲ ਹਸਪਤਾਲ ਦੇ ਪ੍ਰਸ਼ਾਸਨਿਕ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਕਾਰਡ ਨਾਲ ਕਰੀਬ 2750 ਰੁਪਏ ਦੇ ਬਿੱਲ ਦਾ ਭੁਗਤਾਨ ਕੀਤਾ ਅਤੇ ਉਸ ਦੇ ਕੁਝ ਸਮੇਂ ਬਾਅਦ ਇੰਟਰਨੈਟ ਸ਼ੁਰੂ ਹੋ ਸਕਿਆ ਹੈ।

## ਪਹਿਲੀ ਅਕਤੂਬਰ ਤੋਂ ਪੰਜਾਬ ਵਿੱਚ ਗਰੀਬਾਂ ਦੇ ਘਰਾਂ ਵਿੱਚ ਆਟੇ ਦੀ ਡਲਿਵਰੀ ਸ਼ੁਰੂ ਹੋਵੇਗੀ

ਚੰਡੀਗੜ੍ਹ, 3 ਮਈ (ਪੋਸਟ ਬਿਊਰੋ)- 1 ਅਕਤੂਬਰ ਤੋਂ ਪੰਜਾਬ ਵਿੱਚ ਆਟੇ ਦੀ ਹੋਮ ਡਲਿਵਰੀ ਸ਼ੁਰੂ ਕਰਨ ਦੀ ਸਕੀਮ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਨੂੰ ਸੂਬੇ ਵਿੱਚ ਤਿੰਨ ਪੜਾਵਾਂ ਵਿੱਚ ਲਾਗੂ ਕੀਤਾ ਜਾਵੇਗਾ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਸਰਕਾਰ ਐਨ ਐਫ ਐਸ ਏ ਤਹਿਤ ਦਰਜ ਹਰ ਲਾਭਪਾਤਰੀ ਨੂੰ ਇਹ ਬਦਲ ਪੇਸ਼ ਕਰੇਗੀ ਕਿ ਉਹ ਆਟੇ ਦੀ ਹੋਮ ਡਲਿਵਰੀ ਦੇ ਸਕਦੀ ਹੈ ਜਾਂ ਲਾਭਪਾਤਰੀ ਆਪ ਰਾਸ਼ਨ ਡਿਪੂਆਂ ਉੱਤੇ ਜਾ ਕੇ ਕਣਕ ਲੈ ਸਕਦਾ ਹੈ।



ਡਲਿਵਰੀ ਅੱਗੇ ਤੋਂ ਤਿਮਾਹੀ ਦੀ ਬਜਾਏ ਮਾਸਿਕ ਆਧਾਰ ਉੱਤੇ ਹੋਵੇਗੀ।ਹੋਮ ਡਲਿਵਰੀ ਸਰਵਿਸ ਨੂੰ ਮੋਬਾਈਲ ਫੇਅਰ ਪ੍ਰਾਈਜ਼ ਸ਼ਾਪ (ਐਮ ਪੀ ਐਸ) ਵਾਂਗ ਚਲਾਇਆ ਜਾਵੇਗਾ। ਐਮ ਪੀ ਐਸ ਟਰਾਂਸਪੋਰਟ ਵਹੀਕਲ ਹੋਵੇਗਾ ਜਿਸ ਉੱਤੇ ਜੀ ਪੀ ਐਸ ਸਹੂਲਤ ਅਤੇ ਕੈਮਰੇ ਹੋਣਗੇ ਤੇ ਪਤਾ ਲੱਗ ਸਕੇਗਾ ਕਿ ਆਟਾ ਲਾਭਪਾਤਰੀਆਂ ਤਕ ਪਹੁੰਚ ਰਿਹਾ ਹੈ। ਇਨ੍ਹਾਂ ਵਾਹਨਾਂ ਉੱਤੇ ਵਜ਼ਨ ਕਰਨ ਵਾਲੇ ਜੰਤਰ ਵੀ ਹੋਣਗੇ।ਜਦੋਂ ਵੀ ਆਟਾ ਲਾਭਪਾਤਰੀ ਨੂੰ ਦਿੱਤਾ ਜਾਵੇਗਾ ਤਾਂ ਉਸ ਕੋਲੋਂ ਐਮ ਪੀ ਐਸ ਰਾਹੀਂ ਦੋ ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਪੈਸੇ ਲਏ ਜਾਣਗੇ। ਇਹ ਰਕਮ ਐਮ ਪੀ ਐਸ ਰਾਹੀਂ ਡਿਜੀਟਲ ਪੇਮੈਂਟ ਦੇ ਆਧਾਰ ਉੱਤੇ ਵਸੂਲ ਕੀਤੀ ਜਾਵੇਗੀ। ਲਾਭਪਾਤਰੀ ਕੋਲ ਡਿਜੀਟਲ ਪੇਮੈਂਟ ਦੀ ਸਹੂਲਤ ਨਹੀਂ ਹੋਵੇਗੀ ਤੇ ਉਨ੍ਹਾਂ ਕੋਲੋਂ ਨਕਦੀ ਦੇ ਰੂਪ ਵਿੱਚ ਰਕਮ ਲਈ ਜਾਵੇਗੀ।




## ਇਰਾਦਾ ਕਤਲ ਦੇ ਦੋਸ਼ੀ ਨੂੰ ਫੜਨ ਗਈ ਪੁਲਸ ਪਾਰਟੀ ਉੱਤੇ ਹਮਲਾ

*** ਵਰ੍ਹਦੇ ਇੱਟਾਂ-ਪੱਥਰਾਂ ਦੌਰਾਨ ਦੋਸ਼ੀ ਹੱਥ ਛੁਡਾ ਕੇ ਭੱਜਿਆ**

ਲੁਧਿਆਣਾ, 3 ਮਈ (ਪੋਸਟ ਬਿਊਰੋ)- ਪਿੰਡ ਦਾਦ ਦੀ ਬਾਜ਼ੀਗਰ ਬਸਤੀ ਵਿੱਚ ਇਰਾਦਾ ਕਤਲ ਦੇ ਦੋਸ਼ੀ ਨੂੰ ਫੜਨ ਗਈ ਪੁਲਸ ਟੀਮ ਉੱਤੇ ਹਮਲਾ ਕਰ ਦਿੱਤਾ ਗਿਆ। ਦੋਸ਼ੀ ਤੇ ਉਸ ਦੇ ਰਿਸ਼ਤੇਦਾਰਾਂ ਨੇ ਪੁਲਸ ਉੱਤੇ ਇੱਟਾਂ, ਪੱਥਰ ਮਾਰੇ। ਇਸ ਕਾਰਨ ਫੜਿਆ ਗਿਆ ਦੋਸ਼ੀ ਪੁਲਸ ਤੋਂ ਹੱਥ ਛੁਡਾ ਕੇ ਭੱਜ ਗਿਆ। ਥਾਣਾ ਜੋਧਾਂ ਵਿੱਚ ਏ ਐਸ ਆਈ ਅਸ਼ਵਨੀ ਕੁਮਾਰ ਦੀ ਸ਼ਿਕਾਇਤ ਉੱਤੇ ਮੁੱਖ ਮੁਲਜ਼ਮ ਸਾਕਾ ਮੁਹੰਮਦ, ਰਸ਼ੀਦ ਮੁਹੰਮਦ, ਰੇਸ਼ਮਾ ਅਤੇ ਨਜ਼ੀਰਾ ਮੁਹੰਮਦ ਖ਼ਿਲਾਫ਼ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣਾ ਦਾ ਕੇਸ ਦਰਜ ਕੀਤਾ ਗਿਆ ਹੈ।ਅਸ਼ਵਨੀ ਕੁਮਾਰ ਦਾ ਕਹਿਣਾ ਹੈ ਕਿ ਦੋਸ਼ੀ ਸਾਕਾ ਮੁਹੰਮਦ ਖ਼ਿਲਾਫ਼ ਉਨ੍ਹਾਂ ਦੇ ਥਾਣੇ ਵਿੱਚਇਰਾਦਾ ਕਤਲ ਅਤੇ ਕੁੱਟ-ਮਾਰ ਦੀਆਂ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਹੈ। ਅਦਾਲਤ ਨੇ ਦੋਸ਼ੀ ਨੂੰ ਫੜਨ ਲਈ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਸਨ। ਉਹ ਥਾਣਾ ਸਦਰ ਦੀ ਪੁਲਸ ਪਾਰਟੀ ਨਾਲ ਰੇਡ ਕਰਨ ਲਈ ਗਏ ਤਾਂ ਸਾਕਾ ਮੁਹੰਮਦ ਨੂੰ ਫੜ ਲਿਆ।ਜਦੋਂ ਉਸ ਨੂੰ ਲਿਜਾਣ ਲੱਗੇ ਤਾਂ ਉਸ ਦੇ ਰਿਸ਼ਤੇਦਾਰਾਂ ਨੇ ਹਮਲਾ ਕਰ ਦਿੱਤਾ।

## ਇਤਿਹਾਸ ਦੀਆਂ ਵਿਵਾਦਤ ਕਿਤਾਬਾਂ ਨੂੰ ਪ੍ਰਵਾਨਗੀ ਦੇਣ ਵਾਲੇ ਅਫਸਰਾਂ ਵਿਰੁੱਧ ਕਾਰਵਾਈ ਲਈ ਕਮੇਟੀ ਕਾਇਮ

ਐਸ ਏ ਐਸ ਨਗਰ, 3 ਮਈ (ਪੋਸਟ ਬਿਊਰੋ)- ਪੰਜਾਬ ਦੇ ਸਕੂਲਾਂ ਲਈ 12ਵੀਂ ਸ਼੍ਰੇਣੀ ਦੀਆਂ ਪੰਜਾਬ ਦੇ ਇਤਿਹਾਸ ਵਿਸ਼ੇ ਦੀਆਂ ਤਿੰਨ ਵਿਵਾਦਿਤ ਪੁਸਤਕਾਂ ਨੂੰ ਪ੍ਰਵਾਨਗੀ ਦੇਣ ਵਾਲੇ ਸਿੱਖਿਆ ਬੋਰਡ ਦੇ ਓਦੋਂ ਦੇ ਅਫਸਰਾਂ ਅਤੇ ਮੁਲਾਜ਼ਮਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਲਈ ਸਿੱਖਿਆ ਬੋਰਡ ਮੈਨੇਜਮੈਂਟ ਨੇ 4 ਮੈਂਬਰੀ ਕਮੇਟੀ ਬਣਾਈ ਹੈ।



ਇਸ ਬਾਰੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 12ਵੀਂ ਸ਼੍ਰੇਣੀ ਦੀਆਂ ਪੰਜਾਬ ਦੇ ਇਤਿਹਾਸ ਵਿਸ਼ੇ ਦੀਆਂ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਤਿੰਨ ਵਿਵਾਦਿਤ ਕਿਤਾਬਾਂ ਵੇਚਣ ਉੱਤੇ ਪਾਬੰਦੀ ਲਾ ਦੇਣ ਅਤੇ ਇਨ੍ਹਾਂ ਪੁਸਤਕਾਂ ਨੂੰ ਪੰਜਾਬ ਦੇ ਸਕੂਲਾਂ ਵਿੱਚ ਨਾ ਪੜ੍ਹਾਉਣ ਦੇ ਫ਼ੈਸਲੇ ਦੇ ਨਾਲ ਪੜਤਾਲੀਆ ਰਿਪੋਰਟ ਦੇ ਆਧਾਰ ਉੱਤੇ ਬੋਰਡ ਨੂੰ ਇਨ੍ਹਾਂ ਕਿਤਾਬਾਂ ਨੂੰ ਸਾਲ 2017 ਤਕ ਨੋਟੀਫਾਈ ਕਰਨ ਸਮੇਂ ਵਾਲੇ ਮੁਲਾਜ਼ਮਾਂ ਤੇਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਨਿਰਦੇਸ਼ ਦਿੱਤੇ ਗਏ ਹਨ।ਉਨ੍ਹਾਂ ਦੱਸਿਆ ਕਿ ਵਾਈਸ ਚੇਅਰਮੈਨ-ਕਮ-ਸੈਕਟਰੀ ਦੀ ਪ੍ਰਧਾਨਗੀ ਹੇਠ 4 ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਕਮ ਸੈਕਟਰੀ ਡਾ. ਵਰਿੰਦਰ ਭਾਟੀਆ ਨੂੰ ਕਮੇਟੀ ਦਾ ਮੁਖੀ ਬਣਾਇਆ ਗਿਆ ਅਤੇ ਬੋਰਡ ਦੇ ਉਪ-ਸੈਕਟਰੀ ਗੁਰਤੇਜ ਸਿੰਘ, ਮਨਮੀਤ ਸਿੰਘ ਭੱਠਲ ਅਤੇ ਆਈ ਪੀ ਐਸ ਮਲਹੋਤਰਾ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਕਮੇਟੀ ਕੇਸ ਦੇ ਸਾਰੇ ਪਹਿਲੂਆਂ ਦਾ ਅਧਿਐਨ ਕਰ ਕੇ ਰਿਪੋਰਟ 15 ਦਿਨਾਂ ਦੇ ਅੰਦਰ-ਅੰਦਰ ਬੋਰਡ ਚੇਅਰਮੈਨ ਨੂੰ ਪੇਸ਼ ਕਰੇਗੀ।

## ਜਦੋਂ ਥਾਣੇ ਵਿੱਚ ਪੁਲਸ ਨੇ ਜੋੜੇ ਦਾ ਵਿਆਹ ਕਰਵਾਇਆ

ਜਲੰਧਰ, 3 ਮਈ (ਪੋਸਟ ਬਿਊਰੋ)- ਥਾਣਾ ਬਾਰਾਂਦਰੀ ਵਿੱਚ ਪੁਲਸ ਨੇ ਇੱਕ ਬਾਲਗ ਲੜਕੇ ਤੇ ਲੜਕੀ ਦੇ ਵਿਆਹ ਵਿੱਚ ਮਦਦ ਕੀਤੀ ਅਤੇ ਇਸ ਕੰਮ ਦੇ ਸਿਰੇ ਚੜ੍ਹਨ ਨਾਲ ਹਰ ਪਾਸੇ ਹੈਰਾਨੀ ਜ਼ਾਹਰੀ ਕੀਤੀ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਕੁੜੀ ਅਤੇ ਮੁੰਡੇ ਦੇ ਮਾਪੇ ਇਸ ਵਿਆਹ ਲਈ ਰਾਜ਼ੀ ਨਹੀਂ ਸਨ। ਜਦੋਂ ਦੋਵਾਂ ਧਿਰਾਂ ਦੇ ਮਾਪੇ ਇਸ ਗੱਲੋਂ ਨਾਰਾਜ਼ ਸਨ ਤਾਂ ਮੁੰਡੇ ਤੇ ਕੁੜੀ ਨੇ ਪੁਲਸ ਤਕ ਪਹੁੰਚ ਕੀਤੀ।ਉਨ੍ਹਾਂ ਆਪਣੇ ਆਪ ਨੂੰ ਬਾਲਗ ਦੱਸਦਿਆਂ ਵਿਆਹ ਕਰਾਉਣ ਦੀ ਇੱਛਾ ਪ੍ਰਗਟਾਈ। ਇਸ ਦੌਰਾਨ ਪੁਲਸ ਨੇ ਕੁੜੀ ਤੇ ਮੁੰਡੇ ਦੇ ਬਾਲਗ ਹੋਣ ਦੇ ਸਰਟੀਫਿਕੇਟ ਵੇਖਣ ਤੋਂ ਬਾਅਦ ਦੋਵਾਂ ਦਾ ਵਿਆਹ ਕਰਵਾ ਦਿੱਤਾ। ਥਾਣੇ ਦੇ ਅੰਦਰ ਮੁੰਡੇ ਅਤੇ ਕੁੜੀ ਨੇ ਇੱਕ-ਦੂਜੇ ਨੂੰ ਜੈਮਾਲਾ ਪਾਈ ਤੇ ਮੁੰਡੇ ਨੇ ਕੁੜੀ ਦੇ ਗੱਲ ਵਿੱਚ ਮੰਗਲ ਸੂਤਰ ਪਾ ਕੇ ਸੰਧੂਰ ਭਰਿਆ।



## ਫਾਇਰ ਬ੍ਰਿਗੇਡ ਗੱਡੀਆਂ ਤੋਂ ਕਾਂਗਰਸੀ ਅਤੇ 'ਆਪ' ਦੇ ਵਰਕਰਾਂ ਵਿੱਚ ਵਿਵਾਦ

ਫਗਵਾੜਾ, 3 ਮਈ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਫਿਲੌਰ ਅਤੇ ਗੁਰਾਇਆ ਲਈ ਅਲਾਟ ਕੀਤੀਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਫਗਵਾੜਾ ਤੋਂ ਰਵਾਨਾ ਕਰਨ ਮੌਕੇ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਫਿਲੌਰ ਇਲਾਕੇ ਦੇ ਕਾਂਗਰਸੀ ਵਿਧਾਇਕ ਵਿਚਾਲੇ ਬਹਿਸ ਹੋ ਗਈ ਅਤੇ ਝਗੜਾ ਹੁੰਦਾ ਮਸਾਂ ਟਲਿਆ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਗੁਰਾਇਆ ਅਤੇ ਫਿਲੌਰ ਨਗਰ ਕੌਂਸਲਾਂ ਲਈ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਫਗਵਾੜਾ ਭੇਜੀਆਂ ਸਨ, ਜਿਸ ਨੂੰ ਲੈਣ ਲਈ ਕੱਲ੍ਹ ਸਵੇਰ ਤੋਂ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਕਾਂਗਰਸੀ ਆਗੂਆਂ ਵਿਚਾਲੇ ਖਿੱਚੋਤਾਣ ਚੱਲਦੀ ਰਹੀ।ਇਸ ਮੌਕੇ ਫਿਲੌਰ ਦੇ ਕਾਂਗਰਸੀ ਵਿਧਾਇਕ ਚੌਧਰੀ ਵਿਕਰਮਜੀਤ ਸਿੰਘ ਅਤੇ ਫਿਲੌਰ ਤੋਂ ਆਮ ਆਦਮੀ ਪਾਰਟੀ ਦੇ ਹਾਰੇ ਹੋਏ ਉਮੀਦਵਾਰ ਪ੍ਰਿੰਸੀਪਲ ਪ੍ਰੇਮ ਕੁਮਾਰ ਆਪੋ ਆਪਣੇ ਸਾਥੀਆਂ ਨਾਲ ਨਗਰ ਨਿਗਮ ਦਫਤਰ ਪੁੱਜ ਗਏ। ਆਮ ਆਦਮੀ ਪਾਰਟੀ ਦੇ ਆਗੂਆਂ ਨੇ ਆਪਣੀ ਹਿਮਾਇਤ ਲਈ ਫਗਵਾੜਾ ਦੇ ਇਸ ਪਾਰਟੀ ਦੇ ਆਗੂ ਜੋਗਿੰਦਰ ਸਿੰਘ ਮਾਨ ਤੇ ਉਨ੍ਹਾਂ ਦੇ ਸਾਥੀਆਂ ਨੂੰ ਵੀ ਬੁਲਾ ਲਿਆ ਜਿਸ ਮਗਰੋਂ ਕਮਿਸ਼ਨਰ ਦਫਤਰ ਵਿੱਚ ਦੋਵਾਂ ਧਿਰਾਂ ਦੀ ਮੀਟਿੰਗ ਮੌਕੇ ਅਫਸਰਾਂ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਨੇ ਗਾਲ੍ਹ ਕੱਢ ਦਿੱਤੀ ਤਾਂਮਾਹੌਲ ਤਣਾਅਪੂਰਨ ਹੋ ਗਿਆ। ਪੁਲਸ ਤੇ ਪ੍ਰਸ਼ਾਸਨ ਨੇ ਬੜੀ ਮੁਸ਼ਕਲ ਨਾਲ ਸਥਿਤੀ ਸੰਭਾਲੀ। ਕਾਂਗਰਸੀ ਵਿਧਾਇਕ ਚੌਧਰੀ ਵਿਕਰਮਜੀਤ ਸਿੰਘ ਅਤੇ ਫਿਲੌਰ ਦੀ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਪ੍ਰੀਤ ਕੌਰ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੇ ਨੇਤਾ ਜੋਗਿੰਦਰ ਸਿੰਘ ਮਾਨ ਨੇ ਉਨ੍ਹਾਂ ਨੂੰ ਗਾਲ੍ਹ ਕੱਢੀ ਅਤੇ ਧਮਕਾਇਆ ਹੈ। ਉਨ੍ਹਾਂ ਕਿਹਾ ਕਿ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਲਿਜਾਣ ਦਾ ਹੱਕ ਉਨ੍ਹਾਂ ਦਾ ਅਤੇ ਨਗਰ ਨਿਗਮ ਦੇ ਅਹੁਦੇਦਾਰਾਂ ਦਾ ਹੈ। ਆਮ ਆਦਮੀ ਪਾਰਟੀ ਦੇ ਆਗੂਆਂ ਦਾ ਇਸ ਉੱਤੇ ਕੋਈ ਹੱਕ ਨਹੀਂ। ਗੁਰਪ੍ਰੀਤ ਕੌਰ ਨੇ ਇਸ ਸਬੰਧੀ ਫਗਵਾੜੇ ਦੇ ਐਸ ਪੀ ਨੂੰ ਲਿਖਤੀ ਸ਼ਿਕਾਇਤ ਵੀ ਦਿੱਤੀ ਹੈ।ਪ੍ਰਸ਼ਾਸਨ ਨੇ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਇਹ ਗੱਡੀਆਂ ਗੁਰਾਇਆ ਤੇ ਫਿਲੌਰ ਦੇ ਕਾਰਜਸਾਧਕ ਅਫਸਰ (ਈ ਓ) ਨੂੰ ਸੌਂਪ ਦਿੱਤੀਆਂ, ਜਿਸ ਪਿੱਛੋਂ ਦੋਵੇਂ ਧਿਰਾਂ ਵਾਪਸ ਚਲੇ ਗਈਆਂ।

# ਰਾਘਵਾ ਚੱਢਾ, ਮਿੱਤਲ ਅਤੇ ਅਰੋੜਾ ਨੇ ਰਾਜ ਸਭਾ ਮੈਂਬਰਾਂ ਵਜੋਂ ਸਹੁੰ ਚੁੱਕੀ



ਨਵੀਂ ਦਿੱਲੀ, 3 ਮਈ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਆਗੂ ਰਾਘਵ ਚੱਢਾ, ਅਕਾਦਮਿਕ ਸੁਧਾਰਕ ਅਸ਼ੋਕ ਮਿੱਤਲ ਅਤੇ ਕਾਰੋਬਾਰੀ ਸੰਜੀਵ ਅਰੋੜਾ ਨੇ ਕੱਲ੍ਹ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕ ਲਈ ਹੈ। ਉਨ੍ਹਾਂ ਨੂੰ ਇੱਥੇ ਰਾਜ ਸਭਾ ਵਿੱਚ ਕਰਵਾਏ ਇੱਕ ਪ੍ਰੋਗਰਾਮ ਵਿੱਚ ਰਸਮੀ ਤੌਰ ਉੱਤੇ ਸਹੁੰ ਚੁਕਾਈ ਗਈ।

ਪੰਜਾਬ ਵਿੱਚ ਇਤਿਹਾਸਕ ਜਿੱਤ ਤੋਂ ਬਾਅਦ ਆਮ ਆਦਮੀ ਪਾਰਟੀ ਵੱਲੋਂ ਰਾਘਵ ਚੱਢਾ, ਅਸ਼ੋਕ ਮਿੱਤਲ, ਸੰਜੀਵ ਅਰੋੜਾ, ਹਰਭਜਨ ਸਿੰਘ ਅਤੇ ਸੰਦੀਪ ਪਾਠਕ ਰਾਜ ਸਭਾ ਲਈ ਬਿਨਾਂ ਮੁਕਾਬਲਾ ਚੁਣੇ ਗਏ ਹਨ। ਇਨ੍ਹਾਂ ਵਿੱਚੋਂ ਰਾਘਵ ਚੱਢਾ, ਅਸ਼ੋਕ ਮਿੱਤਲ ਅਤੇ ਸੰਜੀਵ ਅਰੋੜਾ ਨੇ ਕੱਲ੍ਹ ਸਹੁੰ ਚੁੱਕੀ। ਇਸ ਤੋਂ ਬਾਅਦ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਕਿਹਾ, ‘‘ਮੈਂ ਪੰਜਾਬ ਅਤੇ ਦੇਸ਼ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਾਂਗਾ।'' ਚੱਢਾ ਦਿੱਲੀ ਵਿੱਚ ਆਪਣੀ ਪਛਾਣ ਬਣਾਉਣ ਤੋਂ ਬਾਅਦ ਪੰਜਾਬ ਵਿੱਚ ਪਾਰਟੀ ਦੇ ਕਾਰਜਾਂ ਦੀ ਅਗਵਾਈ ਕਰ ਰਹੇ ਹਨ। ਉਨ੍ਹਾਂ ਦਿੱਲੀ ਯੂਨੀਵਰਸਿਟੀ ਤੋਂ ਕਾਮਰਸ (ਬੀ ਕਾਮ) ਵਿੱਚ ਗਰੈਜੂਏਸ਼ਨ ਕੀਤੀ ਅਤੇ ਆਪਣੀ ਪਹਿਲੀ ਕੋਸ਼ਿਸ਼ ਵਿੱਚ ਚਾਰਟਰਡ ਅਕਾਊਂਟੈਂਸੀ ਪਾਸ ਕੀਤੀ ਸੀ। ਅਸ਼ੋਕ ਮਿੱਤਲ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਮੋਢੀ ਚਾਂਸਲਰ ਹਨ। ਉਨ੍ਹਾਂ ਹੁਨਰਮੰਦ ਆਟੋਮੋਟਿਵ ਉਦਯੋਗਪਤੀ ਬਣਨ ਲਈ ਆਪਣੇ ਢੰਗ ਨਾਲ ਕੰਮ ਕੀਤਾ। ਲੁਧਿਆਣਾ ਵਿੱਚ ਟੈਕਸਟਾਈਲ, ਸਟੀਲ ਅਤੇ ਰੀਅਲ ਅਸਟੇਟ ਕਾਰੋਬਾਰੀ ਸੰਜੀਵ ਅਰੋੜਾ ਕ੍ਰਿਸ਼ਨਾ ਪ੍ਰਾਣ ਬ੍ਰੈਸਟ ਕੈਂਸਰ ਚੈਰੀਟੇਬਲ ਟਰੱਸਟ ਚਲਾਉਂਦੇ ਹਨ। ਉਨ੍ਹਾਂ ਇਸ ਟਰੱਸਟ ਦੀ ਸਥਾਪਨਾ ਆਪਣੇ ਮਾਤਾ-ਪਿਤਾ ਦੀ ਕੈਂਸਰ ਕਾਰਨ ਹੋਈ ਮੌਤ ਪਿੱਛੋਂ ਕੀਤੀ ਸੀ। ਇਹ ਟਰੱਸਟ 160 ਤੋਂ ਵੱਧ ਕੈਂਸਰ ਦੇ ਮਰੀਜ਼ਾਂ ਦਾ ਮੁਫਤ ਇਲਾਜ ਕਰ ਚੁੱਕਾ ਹੈ। ਸੰਜੀਵ ਅਰੋੜਾ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ, ਲੁਧਿਆਣਾ ਦੇ ਗਵਰਨਿੰਗ ਬੋਰਡ ਵਿੱਚ ਵੀ ਹਨ। ਇਹ ਚਾਰੇ ਜਣੇ ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਪਹਿਲੇ ਰਾਜ ਸਭਾ ਮੈਂਬਰ ਹਨ।

## ਸਜ਼ਾ ਘਟਾਉਣ ਦੀ ਰਾਜੋਆਣਾ ਦੀ ਅਪੀਲ ਉਤੇ ਦੋ ਮਹੀਨਿਆਂ ਵਿੱਚ ਫੈਸਲਾ ਲੈਣ ਦਾ ਹੁਕਮ



ਨਵੀਂ ਦਿੱਲੀ, 3 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਬਲਵੰਤ ਸਿੰਘ ਰਾਜੋਆਣਾ ਦੀ ਉਸ ਪਟੀਸ਼ਨ ਉੱਤੇ ਦੋ ਮਹੀਨੇ ਦੇ ਅੰਦਰ ਫੈਸਲਾ ਲੈਣ ਦਾ ਹੁਕਮ ਦਿੱਤਾ, ਜਿਸ ਵਿੱਚ ਉਸ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ 1995 ਵਿੱਚ ਹੱਤਿਆ ਦੇ ਕੇਸ ਵਿੱਚ ਖੁਦ ਨੂੰ ਸੁਣਾਈ ਮੌਤ ਦੀ ਸਜ਼ਾ ਨੂੰ ਲਗਭਗ 26 ਸਾਲ ਤੋਂ ਜੇਲ੍ਹ ਵਿੱਚ ਕੈਦ ਹੋਣ ਦੇ ਆਧਾਰ ਉੱਤੇ ਉਮਰ ਕੈਦ ਵਿੱਚ ਬਦਲਣ ਦੀ ਅਪੀਲ ਕੀਤੀ ਹੈ।

ਜਸਟਿਸ ਉਦੈ ਉਮੇਸ਼ ਲਲਿਤ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ ਕਿ ਇਸ ਕੇਸ ਵਿੱਚ ਸੁਪਰੀਮ ਕੋਰਟ ਵਿੱਚ ਬਾਕੀ ਦੋਸ਼ੀਆਂ ਦੀਆਂ ਅਪੀਲਾਂ ਦਾ ਵਿਚਾਰ ਅਧੀਨ ਹੋਣਾ ਰਾਜੋਆਣਾ ਦੀ ਪਟੀਸ਼ਨ ਉੱਤੇ ਫੈਸਲਾ ਲੈਣ ਦੀ ਰੁਕਾਵਟ ਨਹੀਂ ਬਣੇਗਾ। ਪੰਜਾਬ ਪੁਲਸ ਦੇ ਸਾਬਕਾ ਸਿਪਾਹੀ ਰਾਜੋਆਣਾ ਨੂੰ 31 ਮਾਰਚ 1995 ਨੂੰ ਪੰਜਾਬ ਸਿਵਲ ਸੈਕਟਰੀਏਟ ਮੂਹਰੇ ਹੋਏ ਧਮਾਕੇ ਵਿੱਚ ਸ਼ਾਮਲ ਹੋਣ ਦਾ ਦੋਸ਼ੀ ਠਹਿਰਾਇਆ ਗਿਆ ਸੀ।ਇਸ ਧਮਾਕੇ ਵਿੱਚ ਬੇਅੰਤ ਸਿੰਘ ਤੇ 16 ਹੋਰ ਲੋਕਾਂ ਦੀ ਮੌਤ ਹੋ ਗਈ ਸੀ। ਜੁਲਾਈ 2007 ਵਿੱਚ ਇੱਕ ਵਿਸ਼ੇਸ਼ ਕਰੋਟ ਨੇ ਬੇਅੰਤ ਸਿੰਘ ਹੱਤਿਆ ਮਾਮਲੇ ਵਿੱਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ, ਪਰ ਫਾਂਸੀ ਦਾ ਹੁਕਮ ਹੋਣ ਦੇ ਬਾਵਜੂਦ ਅਜੇ ਤੱਕ ਦਿੱਤੀ ਨਹੀਂ ਗਈ।

## 3 ਮੰਜ਼ਿਲਾ ਇਮਾਰਤ ਡਿੱਗਣ ਨਾਲ 8 ਲੋਕਾਂ ਦੀ ਮੌਤ



ਲਾਗੋਸ, 3 ਮਈ (ਪੋਸਟ ਬਿਊਰੋ)- ਨਾਈਜੀਰੀਆ ਦੇ ਦੱਖਣ-ਪੱਛਮੀ ਸੂਬੇ ਲਾਗੋਸ ਵਿੱਚ ਇੱਕ ਤਿੰਨ ਮੰਜ਼ਿਲਾ ਇਮਾਰਤ ਦੇ ਢਹਿ ਜਾਣ ਕਾਰਨ ਘੱਟੋ-ਘੱਟ ਅੱਠ ਲੋਕਾਂ ਦੀ ਮੌਤ ਹੋ ਗਈ ਹੈ।

ਨੈਸ਼ਨਲ ਐਮਰਜੈਂਸੀ ਮੈਨੇਜਮੈਂਟ ਏਜੰਸੀ ਦੇ ਕੋਆਰਡੀਨੇਟਰ ਨੇ ਦੱਸਿਆ ਕਿ ਏਨਿਗਬੋ ਖੇਤਰ ਵਿੱਚ ਸਥਾਨਕ ਸਮੇਂ ਮੁਤਾਬਕ ਰਾਤ ਕਰੀਬ 11 ਵਜੇ ਇਮਾਰਤ ਡਿੱਗ ਗਈ।ਬਚਾਅ ਟੀਮਾਂ ਨੇ ਅੱਠ ਮ੍ਰਿਤਕਾਂ ਦੀਆਂ ਲਾਸ਼ਾਂ ਕੱਢੀਆਂ ਹਨ। ਉਨ੍ਹਾਂ ਦੱਸਿਆ ਕਿ ਘੱਟੋ-ਘੱਟ 23 ਲੋਕਾਂ ਨੂੰ ਬਚਾ ਕੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਉਨ੍ਹਾਂ ਮਲਬੇ ਹੇਠ ਅਜੇ ਹੋਰ ਲੋਕਾਂ ਦੇ ਦੱਬੇ ਹੋਣ ਦਾ ਖ਼ਦਸ਼ਾ ਪ੍ਰਗਟਾਇਆ ਹੈ। ਬਚਾਅ ਕਾਰਜ ਜਾਰੀ ਹਨ ਅਤੇ ਇਮਾਰਤ ਡਿੱਗਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਚੀਨ ਵਿਚਲੇ ਭਾਰਤੀ ਪੇਸ਼ੇਵਰ ਕਾਮੇ ਦੋ ਸਾਲਾਂ ਤੋਂ ਪਰਿਵਾਰਾਂ ਤੋਂ ਦੂਰ



ਪੇਈਚਿੰਗ, 3 ਮਈ (ਪੋਸਟ ਬਿਊਰੋ)- ਕੁਝ ਭਾਰਤੀ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਕਰਨ ਲਈ ਚੀਨ ਵੱਲੋਂ ਵਾਪਸ ਪਰਤਣ ਦੀ ਆਗਿਆ ਦੇਣ ਦੇ ਐਲਾਨ ਦੇ ਬਾਅਦ ਉਥੇ ਰਹਿ ਰਹੇ ਭਾਰਤ ਦੇ ਪੇਸ਼ੇਵਰ ਕਾਮਿਆਂ ਨੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੂੰ ਅਪੀਲ ਕੀਤੀ ਹੈ ਕਿ ਉਹ ਉਨ੍ਹਾਂ ਦੇ ਪਰਵਾਰਾਂ ਦੀ ਵਾਪਸੀ ਲਈ ਚੀਨ ਦੀ ਸਰਕਾਰ ਨਾਲ ਗੱਲ ਕਰਨ। ਚੀਨ ਵਿੱਚ ਲੰਮੇ ਸਮੇਂ ਤੋਂ ਕੰਮ ਕਰਦੇ ਭਾਰਤੀ ਪੇਸ਼ੇਵਰਾਂ ਨੇ ਇਸ ਬਾਰੇ ਜੈਸ਼ੰਕਰ ਨੂੰ ਸਾਂਝਾ ਪੱਤਰ ਲਿਖਿਆ ਹੈ।

ਇਹ ਭਾਰਤੀ ਨਾਗਰਿਕ ਉਥੇ ਕਈ ਸਾਲਾਂ ਤੋਂ ਕੰਮ ਕਰ ਰਹੇ ਹਨ ਤੇ ਪਰਵਾਰਾਂ ਨੂੰ ਚੀਨ ਆਉਣ ਦੀ ਆਗਿਆ ਨਾ ਮਿਲਣ ਕਾਰਨ ਨਿਰਾਸ਼ ਹਨ। ਸ਼ਿੰਘਾਈ, ਪੇਈਚਿੰਗ ਤੇ ਕਈ ਹੋਰਨਾਂ ਸ਼ਹਿਰਾਂ ਵਿੱਚ ਕੰਮ ਕਰ ਰਹੇ ਭਾਰਤੀਆਂ ਨੇ ਕਿਹਾ ਕਿ ਉਹ 26 ਮਹੀਨਿਆਂ ਤੋਂ ਵੱਧ ਸਮੇਂ ਤੋਂ ਕੋਵਿਡ ਕਾਰਨ ਪਰਵਾਰਾਂ ਤੋਂ ਵਿੱਛੜੇ ਹੋਏ ਹਨ। ਇਨ੍ਹਾਂ ਵਿੱਚੋਂ ਕੁਝ ਅਜਿਹੇ ਹਨ, ਜੋ ਆਪਣੇ ਨਵਜੰਮੇ ਬੱਚਿਆਂ ਤਕ ਨੂੰ ਨਹੀਂ ਮਿਲ ਸਕੇ ਹਨ। ਕੁਝ ਲੋਕਾਂ ਦੇ ਬੱਚੇ ਚੀਨ ਵਿੱਚ ਪੜ੍ਹਦੇ ਸਨ ਅਤੇ ਵੀਜ਼ਾ ਅਤੇ ਉਡਾਣਾਂ ਰੱਦ ਹੋਣ ਕਾਰਨ ਮੁੜ ਨਹੀਂ ਸਕੇ। ਵੂਹਾਨ ਤੋਂ ਕੋਰੋਨਾ ਫੈਲਣ ਕਾਰਨ ਦਰਜਨਾਂ ਭਾਰਤੀ ਨਾਗਰਿਕਾਂ ਦੇ ਪਰਵਾਰਾਂ ਨੇ ਚੀਨ ਛੱਡ ਦਿੱਤਾ ਸੀ, ਪਰ ਕਈ ਭਾਰਤੀ ਪੇਸ਼ੇਵਰਾਂ ਨੇ ਉਥੇ ਆਪਣੇ ਕਾਰੋਬਾਰਾਂ ਤੇ ਚੰਗੀਆਂ ਨੌਕਰੀਆਂ ਕਾਰਨ ਚੀਨ ਨਹੀਂ ਛੱਡਿਆ ਸੀ। ਇਸ ਦਾ ਉਨ੍ਹਾਂ ਦੀਆਂ ਜ਼ਿੰਦਗੀਆਂ ਉੱਤੇ ਮਾੜਾ ਅਸਰ ਪਿਆ ਹੈ।ਵਰਨਣ ਯੋਗ ਹੈ ਕਿ ਪਿਛਲੇ ਹਫਤੇ ਹੀ ਚੀਨ ਨੇ ਭਾਰਤੀ ਵਿਦਿਆਰਥੀਆਂ ਨੂੰ ਪਰਤਣ ਦੀ ਆਗਿਆ ਦੇਣ ਦਾ ਐਲਾਨ ਕੀਤਾ ਹੈ।

## ਪ੍ਰੈਸ ਦੀ ਆਜ਼ਾਦੀ ਉਤੇ ਡਿਜੀਟਲ ਸ਼ਿਕੰਜਾ ਕਸਿਆ ਜਾ ਰਿਹੈ

* ਛੇ ਸਾਲਾਂ ਵਿੱਚ 455 ਪੱਤਰਕਾਰਾਂ ਦੀ ਹੱਤਿਆ



ਮੈਲਬੌਰਨ, 3 ਮਈ (ਪੋਸਟ ਬਿਊਰੋ)- ਦੁਨੀਆਵਿੱਚ ਪੱਤਰਕਾਰਾਂ ਉੱਤੇਕੱਸੇ ਜਾ ਰਹੇ ਡਿਜੀਟਲ ਸ਼ਿਕੰਜੇ ਕਾਰਨ ਪ੍ਰੈਸ ਦੀ ਆਜ਼ਾਦੀ ਵਿੱਚ ਰੁਕਾਵਟ ਪੈਦਾ ਹੋ ਰਹੀ ਹੈ। ਡਿਜੀਟਲ ਸ਼ਿਕੰਜਾ ਪੱਤਰਕਾਰਾਂ ਦੇ ਖ਼ਿਲਾਫ਼ ਗਲਤ ਸੂਚਨਾ ਫੈਲਾਉਂਦਾ ਹੈ ਅਤੇ ਉਨ੍ਹਾਂ ਦੇ ਕੰਮ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਦਾ ਹੈ। ਖ਼ਬਰਾਂ ਦੀ ਪਹੁੰਚ ਦੁਨੀਆ ਦੀ 85 ਫੀਸਦੀ ਆਬਾਦੀ ਤਕ ਹੀ ਸੀਮਤ ਹੈ ਅਤੇ ਪ੍ਰੈਸ ਦੀ ਆਜ਼ਾਦੀ ਉੱਤੇ ਡਿਜੀਟਲ ਸ਼ਿਕੰਜੇ ਨੇ ਹਾਲਾਤ ਹੋਰ ਵਿਗਾੜ ਦਿੱਤੇ ਹਨ।

ਯੂ ਐਨ ਸਿੱਖਿਆ, ਵਿਗਿਆਨ ਤੇ ਸਭਿਆਚਾਰਕ ਸੰਗਠਨ (ਯੂਨੇਸਕੋ) ਮੁਤਾਬਕ ਨਵੇਂ ਡਿਜੀਟਲ ਵਪਾਰ ਮਾਡਲ, ਨਿਗਰਾਨੀ ਟੈਕਨਾਲੌਜੀ ਦਾ ਵਿਕਾਸ, ਇੰਟਰਨੈਟ ਕੰਪਨੀਆਂ ਦੀ ਪਾਰਦਰਸ਼ਤਾ ਅਤੇ ਵੱਡੇ ਪੈਮਾਨੇ ਉੱਤੇ ਡਾਟਾ ਸੰਗ੍ਰਹਿ ਅਤੇ ਸਾਰੇ ਪੱਤਰਕਾਰਾਂ ਅਤੇ ਉਨ੍ਹਾਂ ਦੇ ਸੋਮਿਆਂ ਲਈ ਜੋਖਮ ਪੈਦਾ ਕੀਤੇ ਹਨ।ਦੁਨੀਆ ਵਿੱਚ 2021 ਤਕ ਬੀਤੇ ਛੇ ਸਾਲਾਂ ਵਿੱਚ 455 ਪੱਤਰਕਾਰਾਂ ਦੀ ਹੱਤਿਆ ਉਨ੍ਹਾਂ ਦੇ ਕੰਮ ਕਾਰਨ ਹੋਈ ਹੈ। ਦੁਨੀਆ ਵਿੱਚ ਕਈ ਥਾਂਈਂ ਇਨ੍ਹਾਂ ਘਟਨਾਵਾਂ ਵਿੱਚ ਕਮੀ ਆਈ, ਪਰ ਏਸ਼ੀਆ ਪ੍ਰਸ਼ਾਂਤ ਖੇਤਰ ਵਿੱਚ ਇਹ ਘਟਨਾਵਾਂ ਵਧੀਆਂ ਹਨ। ਪੱਤਰਕਾਰਾਂ ਖ਼ਿਲਾਫ਼ ਆਨਲਾਈਨ ਹਮਲੇ ਵੀ ਵਧੇ ਹਨ ਅਤੇ ਔਰਤਾਂ ਇਸ ਤੋਂ ਬਹੁਤ ਪ੍ਰਭਾਵਤ ਹੋ ਰਹੀਆਂ ਹਨ।

2021 ਵਿੱਚ 125 ਦੇਸ਼ਾਂ ਦੇ 901 ਪੱਤਰਕਾਰਾਂ ਦੇ ਸਰਵੇਖਣ ਵਿੱਚ ਇਹ ਪਤਾਲੱਗਾ ਹੈ ਕਿ 73 ਫੀਸਦੀ ਔਰਤ ਪੱਤਰਕਾਰਾਂ ਨੇ ਕਿਸੇ ਨਾ ਕਿਸੇ ਰੂਪ ਨਾਲ ਆਨਲਾਈਨ ਹਿੰਸਾ ਝੱਲੀ ਹੈ। ਡਿਜੀਟਲ ਸੁਰੱਖਿਆ ਐਕਟ ਕਾਰਨ ਪਹਿਲਾਂ ਤੋਂ ਦਬਾਅ ਝੱਲ ਰਹੇ ਬੰਗਲਾਦੇਸ਼ੀ ਪੱਤਰਕਾਰਾਂ ਨੂੰ ਨਵੇਂ ਕਾਨੂੰਨ ਦੇ ਹੋਂਦ ਵਿੱਚ ਆਉਣ ਉੱਤੇ ਹੋਰ ਸਖ਼ਤ ਸੈਂਸਰਸ਼ਿਪ ਝੱਲਣੀ ਪੈ ਸਕਦੀ ਹੈ। ਬੰਗਲਾਦੇਸ਼ ਵਿੱਚ ‘ਦਿ ਇਕੋਨੌਮਿਸਟ' ਲਈ ਕੰਮ ਕਰਦੀ ਆਜ਼ਾਦ ਪੱਤਰਕਾਰ ਸੁਜਾਨਾ ਸੈਵੇਜ ਨੇ ਖੁਫੀਆ ਏਜੰਸੀਆਂ ਵੱਲੋਂ ਖੁਦ ਨੂੰ ਦੇਸ਼ ਛੱਡਣ ਲਈ ਮਜਬੂਰ ਕੀਤੇ ਜਾਣ ਪਿੱਛੋਂ ਟਵੀਟ ਕੀਤਾ ਸੀ,‘ਖੁਫੀਆ ਏਜੰਸੀਆਂ ਨੇ ਮੈਨੂੰ ਮੇਰੀ ਪੱਤਰਕਾਰਤਾ ਕਾਰਨ ਹਿਰਾਸਤ ਵਿੱਚ ਲਿਆ, ਪੁੱਛਗਿੱਛ ਕੀਤੀ ਅਤੇ ਦੇਸ਼ ਨਿਕਾਲਾ ਦੇ ਦਿੱਤਾ।' ਮਨੁੱਖੀ ਅਧਿਕਾਰ ਵਰਕਰ ਬੰਗਲਾਦੇਸ਼ੀ ਸਰਕਾਰ ਵੱਲੋਂ ਮੀਡੀਆ ਅਤੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਦਬਾਉਣ ਲਈ ਵਿਵਾਦਪੂਰਨ ‘ਡਿਜੀਟਲ ਸੁਰੱਖਿਆ ਐਕਟ' ਦੀ ਵਰਤੋਂ ਖ਼ਿਲਾਫ਼ ਲੰਬੇ ਸਮੇਂ ਤੋਂ ਲਾਮਬੰਦ ਹਨ, ਪਰ ਇਸਦਾ ਕੋਈ ਲਾਭ ਨਹੀਂ ਹੋਇਆ ਹੈ।

## ਹਿਟਲਰ ਨੂੰ ਯਹੂਦੀ ਮੂਲ ਦਾ ਦੱਸ ਕੇ ਰੂਸੀ ਵਿਦੇਸ਼ ਮੰਤਰੀ ਫਸਿਆ

ਯੇਰੂਸ਼ਲਮ, 3 ਮਈ (ਪੋਸਟ ਬਿਊਰੋ)- ਯੂਕਰੇਨ ਤੇ ਰੂਸ ਦੀ ਜੰਗ ਦੌਰਾਨ ਰੂਸ ਦੇ ਵਿਦੇਸ਼ ਮੰਤਰੀ ਵੱਲੋਂ ਹਿਟਲਰ ਬਾਰੇ ਦਿੱਤੇ ਬਿਆਨ ਤੋਂ ਵਿਵਾਦ ਖੜ੍ਹਾ ਹੋ ਗਿਆ ਹੈ। ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਦਾਅਵਾ ਕੀਤਾ ਕਿ ਜਰਮਨ ਤਾਨਾਸ਼ਾਹ ਅਡੋਲਫ ਹਿਟਲਰ ਯਹੂਦੀ ਮੂਲ ਦਾ ਸੀ।

ਲਾਵਰੋਵ ਦੇ ਇਸ ਬਿਆਨ ਉੱਤੇ ਭੜਕੇ ਇਸਰਾਈਲ ਨੇ ਇਸ ਨੂੰ ਨਾਮੁਆਫੀ ਯੋਗ ਤੇ ਝੂਠ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਨਾਜ਼ੀ ਕਤਲੇਆਮ ਨੂੰ ਝੂਠਾ ਦੱਸਣਵਾਲਾ ਕਦਮ ਹੈ। ਇਸਰਾਈਲੀ ਵਿਦੇਸ਼ ਮੰਤਰਾਲੇ ਨੇ ਰੂਸੀ ਰਾਜਦੂਤ ਨੂੰ ਤਲਬ ਕਰ ਕੇ ਇਸ ਬਿਆਨ ਉੱਤੇ ਮੁਆਫੀ ਮੰਗਣ ਲਈ ਕਿਹਾ ਹੈ। ਯੂਕਰੇਨ ਦੇ ਵਿਦੇਸ਼ ਮੰਤਰੀ ਦਮਿਤਰੀ ਕੁਲੇਬਾ ਨੇ ਲਾਵਰੋਵ ਦੇ ਬਿਆਨ ਨੂੰ ਇਤਿਹਾਸਕ ਤੱਥ ਝੁਠਲਾਉਣ ਵਾਲਾ ਦੱਸ ਕੇ ਨਿੰਦਾ ਕੀਤੀ ਹੈ।

ਵਰਨਣ ਯੋਗ ਹੈ ਕਿ ਦੂਜੀ ਸੰਸਾਰ ਜੰਗ ਦੌਰਾਨ 1941 ਤੋਂ 1945 ਤਕ ਯੂਰਪੀ ਯਹੂਦੀਆਂ ਦਾ ਹਿਟਲਰ ਦੀ ਫੌਜ ਨੇ ਵਹਿਸ਼ੀ ਤਰੀਕੇ ਨਾਲ ਕਤਲੇਆਮ ਕੀਤਾ ਸੀ। ਲੱਖਾਂ ਯਹੂਦੀਆਂ ਨੂੰ ਗੈਸ ਚੈਂਬਰ ਵਿੱਚ ਬੰਦ ਕਰ ਕੇ ਗੋਲੀਆਂ ਅਤੇ ਹੋਰ ਤਰੀਕਿਆਂ ਨਾਲ ਮਾਰ ਦਿੱਤਾ ਗਿਆ। ਇਸੇ ਨੂੰ ਨਾਜ਼ੀ ਹੋਲੋਕਾਸਟ ਕਹਿੰਦੇ ਹਨ। ਇਸਰਾਈਲ ਦੇ ਪ੍ਰਧਾਨ ਮੰਤਰੀ ਨਫਤਾਲੀ ਬੈਨੇਟ ਨੇ ਕਿਹਾ ਕਿ ਏਦਾਂ ਦਾ ਝੂਠ ਯਹੂਦੀ ਭਾਈਚਾਰੇ ਉੱਤੇ ਹੋਏ ਇਤਿਹਾਸ ਦੇ ਸਭ ਤੋਂ ਵੱਡੇ ਅਪਰਾਧ ਲਈ ਯਹੂਦੀਆਂ ਨੂੰ ਜ਼ਿੰਮੇਵਾਰ ਦੱਸਣ ਵਾਂਗ ਹੈ। ਯਹੂਦੀਆਂ ਦੇ ਜ਼ਖਮਾਂ ਨੂੰ ਕੁਰੇਦਣ ਵਾਲੇ ਬਿਆਨਾਂ ਅਤੇ ਕਦਮਾਂ ਨੂੰ ਬਿਨਾਂ ਦੇਰੀ ਰੋਕਿਆ ਜਾਣਾ ਚਾਹੀਦਾ ਹੈ। ਰੂਸੀ ਵਿਦੇਸ਼ ਮੰਤਰੀ ਲਾਵਰੋਵ ਨੇ ਬੀਤੀ ਐਤਵਾਰ ਇਤਾਲਵੀ ਟੀ ਵੀ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਕਿਹਾ ਸੀ ਕਿ ਰੂਸ ਯੂਕਰੇਨ ਤੋਂ ਨਾਜ਼ੀਵਾਦ ਖਤਮ ਕਰਨਾ ਚਾਹੁੰਦਾ ਹੈ। ਰੂਸੀ ਵਿਦੇਸ਼ ਮੰਤਰੀ ਨੇ ਯੂਕਰੇਨ ਦੇ ਅਜੋਕੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੇਂਸਕੀ ਦੇ ਯਹੂਦੀ ਹੋਣ ਦੀ ਵੀ ਚਰਚਾ ਕੀਤੀ ਤੇ ਹਿਟਲਰ ਨੂੰ ਵੀ ਯਹੂਦੀ ਦੱਸਿਆ ਸੀ।

## ਬਾਈਕ ਸਵਾਰ ਨੌਜਵਾਨਾਂ ਨੂੰ ਡਾਂਗਾਂ ਮਾਰ-ਮਾਰ ਕੇ 20 ਲੱਖ ਲੁੱਟੇ

ਸੋਨੀਪਤ, 3 ਮਈ (ਪੋਸਟ ਬਿਊਰੋ)- ਬਾਈਕ ਸਵਾਰ ਤਿੰਨ ਬਦਮਾਸ਼ ਸੈਕਟਰ-12 ਬਾਈਪਾਸ ਉੱਤੇ ਸਾਈ ਮੰਦਰ ਦੇ ਕੋਲ ਕੁਲੈਕਸ਼ਨ ਕੰਪਨੀ ਦੇ ਦੋ ਕਾਰਿੰਦਿਆਂ ਉੱਤੇਡਾਂਗਾਂ ਨਾਲ ਹਮਲਾ ਕਰ ਕੇ 20 ਲੱਖ ਰੁਪਏ ਨਾਲ ਭਰਿਆ ਬੈਗ ਲੁੱਟ ਕੇ ਲੈ ਗਏ। ਬਦਮਾਸ਼ਾਂ ਨੇ ਲੁੱਟ ਦੀ ਪੂਰੀ ਘਟਨਾ ਮਸਾਂ 19 ਸੈਕਿੰਡ ਵਿੱਚ ਕੀਤੀ। ਇਹ ਘਟਨਾ ਉਥੇ ਦੁਕਾਨ ਦੇ ਬਾਹਰ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਦਿਖਾਈ ਦੇ ਰਹੀ ਹੈ।

ਪਿੰਡ ਮੁਕੀਮਪੁਰ ਦੇ ਸ਼ਸ਼ੀ ਕੁਮਾਰ ਤੇ ਨਵੀਨ ਕੁਮਾਰ ਬ੍ਰਿਕਸ ਇੰਡੀਆ ਪ੍ਰਾਈਵੇਟ ਲਿਮਿਟੇਡ ਕੰਪਨੀ ਦੇ ਕਾਰਿੰਦੇ ਹਨ। ਇਹ ਕੰਪਨੀ ਕਾਰੋਬਾਰੀਆਂ ਤੋਂ ਰੁਪਏ ਇਕੱਠੇ ਕਰਕੇ ਬੈਂਕ ਵਿੱਚ ਉਨ੍ਹਾਂ ਦੇ ਖਾਤੇ ਵਿੱਚ ਜਮ੍ਹਾ ਕਰਾਉਂਦੀ ਹੈ। ਕੱਲ੍ਹ ਦੁਪਹਿਰੇ ਨੂੰ ਉਹ ਪੈਸੇ ਬੈਂਕ ਵਿੱਚ ਜਮ੍ਹਾ ਕਰਵਾਉਣ ਜਾ ਰਹੇ ਸੀ। ਉਨ੍ਹਾਂ ਨੇ ਸੈਕਟਰ-12 ਬਾਈਪਾਸ ਉੱਤੇ ਸਾਈ ਮੰਦਰ ਦੇ ਨੇੜੇ ਵਸੁੰਧਰਾ ਗਾਰਡਨ ਦੇ ਸਾਹਮਣੇ ਇੱਕ ਡਿਲਵਰੀ ਕੰਪਨੀ ਤੋਂ ਤਿੰਨ ਲੱਖ ਰੁਪਏ ਲਏ ਸੀ। ਉਹ ਬਾਈਕ ’ਤੇ ਥੋੜ੍ਹੀ ਦੂਰ ਗਏ ਸੀ ਕਿ 12.13 ਵਜੇ ਸੜਕ ਉੱਤੇ ਖੜ੍ਹੇ ਇੱਕ ਨੌਜਵਾਨ ਨੇ ਉਨ੍ਹਾਂ ਦੀ ਬਾਈਕ ਨੂੰ ਰੋਕ ਲਿਆ। ਬਾਈਕ ਸਾਈਡ ਵਿੱਚ ਕਰਦੇ ਸਾਰ ਬਦਮਾਸ਼ਾਂ ਨੇ ਡੰਡਿਆਂ ਨਾਲ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ ਅਤੇ ਨਕਦੀ ਨਾਲ ਭਰਿਆ ਬੈਗ ਖੋਹ ਕੇ ਫਰਾਰ ਹੋ ਗਏ। ਤਿੰਨਾਂ ਬਦਮਾਸ਼ਾਂਨੇ ਚਿਹਰੇ ਉੱਤੇ ਕੱਪੜਾ ਬੰਨ੍ਹਿਆ ਹੋਇਆ ਸੀ।

## ਗੁਰਬਾਣੀ ਦੀਆਂ ਤੁਕਾਂ ਉਤੇ ਨਾਚ ਦੀ ਵੀਡੀਓ ਮਿਲਣ ਪਿੱਛੋਂ ਰੋਸ

ਨਵੀਂ ਦਿੱਲੀ, 3 ਮਈ (ਪੋਸਟ ਬਿਊਰੋ)- ਇੱਕ ਸੁੰਦਰਤਾ ਮੁਕਾ-ਬਲੇ ਦੌਰਾਨ ਗੁਰਬਾਣੀ ਦੀਆਂ ਟੂਕਾਂ ਉਤੇ ਨਾਚ ਕਰਦੀਆਂ ਤਿੰਨ ਮੁਟਿਆਰਾਂ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਨਸ਼ਰ ਹੋਣ ਪਿੱਛੋਂ ਇਸਨੂੰ ਗੁਰਬਾਣੀ ਦੀ ਬੇਅਦਬੀ ਨਾਲ ਜੋੜ ਕੇ ਦਿੱਲੀ ਗੁਰਦੁਆਰਾ ਕਮੇਟੀ ਨੂੰ ਕਟਹਿਰੇ ਵਿੱਚ ਖੜਾ ਕੀਤਾ ਜਾ ਰਿਹਾ ਹੈ।

ਇੱਥੋਂ ਦੇ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਨਾਰਥ ਕੈਂਪਸ, ਜੋ ਦਿੱਲੀ ਸਿੱਖ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ, ਵਿਖੇ ਮਾਸਟਰ ਤਾਰਾ ਸਿੰਘ ਆਡੀਟੋਰੀਅਮ ਵਿੱਚ 30 ਅਪ੍ਰੈਲ ਨੂੰ ‘ਸੋਹਣੀ ਪੰਜਾਬਣ’ ਮੁਕਾਬਲਾ ਹੋਇਆ ਸੀ। ਸਾਹਮਣੇ ਆਈ ਵੀਡੀਓ ਨੂੰਇਸੇ ਮੁਕਾਬਲੇ ਦੀ ਦੱਸਿਆ ਗਿਆ ਹੈ। ਦਿੱਲੀ ਗੁਰਦੁ-ਆਰਾ ਕਮੇਟੀ ਦੇ ਮੁੱਖ ਦਫ਼ਤਰ ਗੁਰਦੁਆਰਾ ਰਕਾਬ ਗੰਜ ਸਾਹਿਬ ਗੇਟ ਦੇ ਬਾਹਰ ‘ਸੋਹਣੀ ਪੰਜਾਬਣ' ਦਾ ਵੱਡਾ ਸਾਰਾ ਫ਼ਲੈਕਸ 2 ਮਈ ਸ਼ਾਮ ਤਕ ਲੱਗਾ ਹੋਇਆ ਸੀ।ਸ਼੍ਰੋਮਣੀ ਅਕਾਲੀ ਦਲ ਦਿੱਲੀ ਯੂਥ ਵਿੰਗ ਦੇ ਮੀਤ ਪ੍ਰਧਾਨ ਜਸਮੀਤ ਸਿੰਘ ਪ੍ਰੀਤਮਪੁਰਾ ਨੇ ਆਪਣੇ ਫੇਸਬੁੱਕ ਪੰਨੇ ਉੱਤੇ ਇਸ ਮੁੱਦੇ ਨੂੰ ਚੁੱਕ ਕੇ ਇਸ ਨੂੰ ਗੁਰਬਾਣੀ ਦੀ ਬੇਅਦਬੀ ਦੱਸਿਆ ਤੇ ਦਿੱਲੀ ਗੁਰਦੁਆਰਾ ਕਮੇਟੀ ਨੂੰ ਬਰਾਬਰ ਦਾ ਜ਼ਿੰਮੇਵਾਰ ਕਿਹਾ ਹੈ।ਉਨ੍ਹਾ ਨੇ ਕਿਹਾ,‘ਸਾਡੀ ਜਾਣਕਾਰੀ ਮੁਤਾਬਕ ਜਦੋਂ ਸਟੇਜ ਉੱਤੇ ਗਤਕੇ ਦੀ ਪੇਸ਼ਕਾਰੀ ਹੋ ਰਹੀ ਸੀ ਤਾਂ ਪਿੱਛੇ ਗੁਰਬਾਣੀ ਸ਼ਬਦ ‘ਸੂਰਾ ਸੋਈ' ਦਾ ਗਾਇਨ ਹੋ ਰਿਹਾ ਸੀ। ਸਟੇਜ ਪਿੱਛੇ ਤਿੰਨ ਮੁਟਿਆਰਾਂ ਇਸ ਸ਼ਬਦ ਦੀ ਲੈਅ ਦੇ ਨਾਲ ਆਪਣੀ ਮਸਤੀ ਵਿੱਚ ਨੱਚ ਰਹੀਆਂ ਅਤੇ ਵੀਡੀਓ ਬਣਾ ਰਹੀਆਂ ਸਨ। ਦਿੱਲੀ ਕਮੇਟੀ ਦੀ ਜ਼ਿੰਮੇਵਾਰੀ ਹੈ ਕਿ ਉਹ ਮਰਿਆਦਾ ਦੀ ਉਲੰਘਣਾ ਕਿਉਂ ਹੋਣ ਦਿੰਦੀ ਹੈ।'' ਜਸਮੀਤ ਸਿੰਘ ਪ੍ਰੀਤਮਪੁਰਾ ਨੇ ਦੱਸਿਆ ਕਿ ਸੋਹਣੀ ਪੰਜਾਬਣ ਮੁਕਾਬਲੇ ਦੀ ਕਲਨੀਨ ਕੌਰ ਨੇ ਇੰਸਟਾਗ੍ਰਾਮ ਉੱਤੇ ਇਸ ਦੀ ਮੁਆਫ਼ੀ ਮੰਗੀ ਹੈ। ਬਾਅਦ ਵਿੱਚ ਇਸ ਵੀਡੀਓ ਵਿੱਚ ਉਸ ਨੇ ਛੇੜਛਾੜ ਦਾ ਦੋਸ਼ ਵੀ ਲਾਇਆ ਹੈ। ਦੂਜੇ ਪਾਸੇ ਦਿੱਲੀ ਸਿੱਖ ਗੁਰਦੁ-ਆਰਾ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਇਸ ਬਾਰੇ ਜਾਣ-ਬੁੱਝ ਕੇ ਮੁੱਦਾ ਖੜਾ ਕੀਤਾ ਜਾ ਰਿਹਾ ਹੈ, ਅਸੀਂ ਇਸ ਲਈ ਜ਼ਿੰਮੇਵਾਰ ਨਹੀਂ। ਅਸੀਂ ਮੁਕਾਬਲੇਦੇ ਪ੍ਰਬੰਧਕਾਂ ਕੋਲੋਂ ਪੁੱਛਿਆ ਹੈ ਤਾਂ ਉਨ੍ਹਾਂ ਅੱਗੋਂ ਇਸ ਬਾਰੇ ਸਬੰਧਤ ਕੁੜੀਆਂ ਦੀ ਸੋਸ਼ਲ ਮੀਡੀਆ ਉੱਤੇ ਆਈ ਲਿਖਤੀ ਮੁਆਫ਼ੀ ਬਾਰੇ ਸਾਨੂੰ ਦੱਸਿਆ ਹੈ, ਜਿਸ ਵਿੱਚ ਇਸ ਵੀਡੀਓ ਨਾਲ ਛੇੜਛਾੜ ਦਾ ਵੀ ਦੋਸ਼ ਲਾਇਆ ਹੈ।

## ਨਿਊਜ਼ੀਲੈਂਡ ਨੇ ਅੰਤਰਰਾਸ਼ਟਰੀ ਸੈਲਾਨੀਆਂ ਲਈ ਫਿਰ ਦਰਵਾਜ਼ੇ ਖੋਲ੍ਹੇ

ਵੈਲਿੰਗਟਨ, 3 ਮਈ (ਪੋਸਟ ਬਿਊਰੋ)- ਨਿਊਜ਼ੀਲੈਂਡ ਦੀ ਸਰਕਾਰ ਨੇ ਦੋ ਸਾਲਾਂ ਤੋਂ ਵੱਧ ਸਮੇਂ ਤਕ ਕੋਵਿਡ ਤਾਲਾਬੰਦੀ ਤੋਂ ਬਾਅਦ ਕੱਲ੍ਹ ਅੰਤਰਰਾਸ਼ਟਰੀ ਸੈਲਾਨੀਆਂ ਲਈ ਆਪਣੀਆਂ ਸਰਹੱਦਾਂ ਖੋਲ੍ਹ ਦਿੱਤੀਆਂ ਹਨ।

ਨਵੇਂ ਨਿਯਮ ਅਨੁਸਾਰ 60 ਤੋਂ ਵੱਧ ਦੇਸ਼ਾਂ ਦੇ ਲੋਕਾਂ ਨੂੰ ਟੀਕਾਕਰਨ ਅਤੇ ਕੋਵਿਡ-ਨੈਗੇਟਿਵ ਹੋਣ ਉੱਤੇ ਦਾਖ਼ਲੇ ਦੀ ਆਗਿਆ ਦਿੱਤੀ ਜਾਏਗੀ। ਨਿਊਜ਼ੀਲੈਂਡ ਦੇ ਲੋਕ ਮਾਰਚ ਤੋਂ ਦੂਜੇ ਸਥਾਨਾਂ ਤੋਂ ਆਪਣੇ ਦੇਸ਼ ਆ ਰਹੇ ਹਨ ਅਤੇ ਬਾਹਰੀ ਦੇਸ਼ਾਂ ਦੀ ਯਾਤਰਾ ਕਰ ਰਹੇ ਹਨ, ਜਦਕਿ ਆਸਟ੍ਰੇਲੀਆ ਨੇ ਲੋਕਾਂ ਨੂੰ ਅਪ੍ਰੈਲ ਤੋਂ ਆਉਣ ਦੀ ਇਜਾਜ਼ਤ ਦਿੱਤੀ ਹੈ। ਇਸ ਮੌਕੇ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਕੱਲ੍ਹ ਆਈਆਂ ਪਹਿਲੀਆਂ ਉਡਾਣਾਂ ਸੈਲਾਨੀਆਂ ਦੇ ਨਾਲ ਵਾਪਸ ਆਉਣ ਵਾਲੇ ਨਾਗਰਿਕਾਂ ਨੂੰ ਵੀ ਲੈ ਕੇ ਆਈਆਂ। ‘ਇਹ ਬਹੁਤ ਵਧੀਆ ਹੈ ਕਿ ਅੰਤਰਰਾਸ਼ਟਰੀ ਸੈਲਾਨੀ ਸਾਡੇ ਸੁੰਦਰ ਦੇਸ਼ ਦਾ ਦੁਬਾਰਾ ਦੌਰਾ ਕਰ ਸਕਣਗੇ।' ਵਰਨਣ ਯੋਗ ਹੈ ਕਿ ਮਹਾਮਾਰੀ ਕਾਰਨ ਨਿਊਜ਼ੀਲੈਂਡ ਨੇ ਮਾਰਚ 2020 ਵਿੱਚ ਆਪਣੀਆਂ ਸੰਸਾਰ ਸਰਹੱਦਾਂ ਬੰਦ ਕਰ ਦਿੱਤੀਆਂ ਸਨ ਅਤੇ ਵਾਪਸ ਆਉਣ ਵਾਲੇ ਨਾਗਰਿਕਾਂ ਨੂੰ ਮੁੜਨ ਉੱਤੇ ਹਫ਼ਤਿਆਂ ਦੇ ਕੁਆਰੰਟੀਨ ਤੋਂ ਲੰਘਣਾ ਪੈਂਦਾ ਸੀ। ਇਸ ਸਾਲ ਦੇ ਸ਼ੁਰੂ ਵਿੱਚ ਸਰਹੱਦ ਨੂੰ ਮੁੜ ਖੁੱਲ੍ਹਣ ਦਾ ਐਲਾਨ ਕਰਦੇ ਸਮੇਂ ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਨੇ ਕਿਹਾ ਕਿ ਦੱਖਣੀ ਪ੍ਰਸ਼ਾਂਤ ਰਾਸ਼ਟਰ ਦੁਨੀਆ ਦਾ ਮੁੜ ਸਵਾਗਤ ਕਰਨ ਲਈ ਤਿਆਰ ਹੈ।

## ਤਿੰਨ ਪ੍ਰੇਮਿਕਾਵਾਂ ਨਾਲ ਇੱਕੋ ਵਕਤ ਵਿਆਹ ਰਚਾਇਆ



ਇੰਦੌਰ, 3 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਅਲੀਰਾਜਪੁਰ ਜ਼ਿਲ੍ਹੇ ਵਿੱਚ ਆਦਿਵਾਸੀ ਭਾਈਚਾਰੇ ਦੇ ਇੱਕ ਸਾਬਕਾ ਸਰਪੰਚ ਨੇ ਆਪਣੀਆਂ ਤਿੰਨ ਪ੍ਰੇਮਿਕਾਵਾਂ ਨਾਲ ਜਨਜਾਤੀ ਪਰੰਪਰਾਵਾਂ ਦੇ ਮੁਤਾਬਕ ਇੱਕੋਂ ਦਿਨ ਵਿਆਹ ਰਚਾਇਆ ਹੈ। ਖਾਸ ਗੱਲ ਇਹ ਹੈ ਕਿ ਇਹ ਤਿੰਨੇ ਮਹਿਲਾਵਾਂ ਇਸ ਪੁਰਸ਼ ਦੇ ਨਾਲ ਕਰੀਬ 15 ਸਾਲ ਤੋਂ ਰਹਿ ਰਹੀਆਂ ਹੈ ਅਤੇ ਉਨ੍ਹਾਂ ਦੇ ਛੇ ਬੱਚੇ ਵੀ ਕੱਲ੍ਹ ਇਸ ਅਨੋਖੇ ਵਿਆਹ ਸਮਾਰੋਹ ਵਿੱਚ ਪੂਰੇ ਉਤਸ਼ਾਹ ਨਾਲ ਸ਼ਾਮਲ ਹੋਏ।

ਸੋਸ਼ਲ ਮੀਡੀਆ ਉੱਤੇ ਇਸ ਵਿਆਹ ਦਾ ਸੱਦਾ ਪੱਤਰ ਤੇ ਤਸਵੀਰਾਂ ਵਾਇਰਲ ਹੋਣ ਨਾਲ ਇਹ ਸ਼ਾਦੀ ਚਰਚਾ ਦਾ ਵਿਸ਼ਾ ਬਣ ਗਈ ਹੈ।ਇੰਦੌਰ ਤੋਂ ਕਰੀਬ 200 ਕਿਲੋਮੀਟਰ ਦੂਰ ਨਾਨਪੁਰ ਪਿੰਡ ਦੇ ਸਾਬਕਾ ਸਰਪੰਚ ਸਮਰਥ ਮੋਰੀਆ ਨੇ ਆਪਣੀ ਤਿੰਨਾਂ ਪ੍ਰੇਮਿਕਾਵਾਂ ਨਾਲ ਇੱਕੋਂ ਦਿਨ ਕੀਤੀ ਸ਼ਾਦੀ ਦੀ ਪੁਸ਼ਟੀ ਕੀਤੀ। ਉਸ ਨੇ ਦੱਸਿਆ ਕਿ ਪਹਿਲੀ ਪ੍ਰੇਮਿਕਾ ਨਾਲ ਉਸ ਦੀ ਮੰਗਣੀ 2003 ਵਿੱਚ ਹੋਈ ਸੀ ਤੇ ਪਿਛਲੇ 15 ਸਾਲ ਤੋਂ ਉਸ ਦੀਆਂ ਦੋ ਹੋਰ ਪ੍ਰੇਮਿਕਾਵਾਂ ਵੀ ਉਨ੍ਹਾਂ ਨਾਲ ਰਹਿ ਰਹੀਆਂ ਹਨ।ਲੋਕਾਂ ਨੇ ਦੱਸਿਆ ਕਿ ਸ਼ਾਦੀ ਦੀ ਰਸਮਾਂ ਜਨਜਾਤੀ ਪਰੰਪਰਾਵਾਂ ਦੇ ਮੁਤਾਬਕ ਤਿੰਨ ਦਿਨ ਤਕ ਚਲੀਆਂ।







# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਵਿਖੇ 300 ਵਿਦਿਆਰਥੀਆਂ ਡਿਗਰੀਆਂ ਨੂੰ ਤਕਸੀਮ

ਲੁਧਿਆਣਾ 3 ਮਈ (ਗਿਆਨ ਸਿੰਘ)- ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਵਿਖੇ ਡਿਗਰੀ ਵੰਡ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿਚ ਲਗਭਗ 300 ਦੇ ਕਰੀਬ ਡਿਗਰੀਆਂ ਵਿਦਿਆਰਥੀਆਂ ਵਿਚ ਤਕਸੀਮ ਕੀਤੀਆਂ ਗਈਆਂ। ਇਸ ਵਿਸ਼ੇਸ਼ ਮੌਕੇ ‘ਤੇ ਮੁੱਖ ਮਹਿਮਾਨ ਵਜੋਂ ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ, ਅੰਮ੍ਰਿਤਸਰ (ਨੌਰਥ) ਅਤੇ ਸਾਬਕਾ ਆਈ.ਪੀ.ਐਸ. ਨੇ ਸ਼ਿਰਕਤ ਕੀਤੀ। ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਡਾ. ਸ. ਪ. ਸਿੰਘ, ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਸ. ਗਜਿੰਦਰ ਸਿੰਘ, ਸ੍ਰ. ਹਰਦੀਪ ਸਿੰਘ, ਸ. ਹਰਸ਼ਰਨ ਸਿੰਘ ਨਰੂਲਾ ਤੇ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਅਤੇ ਵੱਖ ਵੱਖ ਵਿਭਾਗਾਂ ਨਾਲ ਸੰਬੰਧਿਤ ਅਧਿਆਪਕ ਸਾਹਿਬਾਨ, ਪਤਵੰਤੇ ਸੱਜਣ ਅਤੇ ਵਿਦਿਆਰਥੀਆਂ ਨੇ ਇਸ ਸਮਾਰੋਹ ਵਿਚ ਭਾਗ ਲਿਆ। ਡਾ. ਸ. ਪ. ਸਿੰਘ ਨੇ ਮੁੱਖ ਮਹਿਮਾਨ ਨੂੰ ਗੁਲਦਸਤਾ ਭੇਂਟ ਕਰਕੇ ਰਸਮੀ ਤੌਰ ਤੇ ਜੀ ਆਇਆ ਆਖਿਆ ਅਤੇ ਉਨ੍ਹਾਂ ਨੇ ਕਾਲਜ ਦੇ 100 ਸਾਲਾਂ ਇਤਿਹਾਸ ਤੇ ਚਾਨਣਾ ਪਾਉਂਦਿਆ ਹੋਇਆ ਕਿਹਾ ਕਿ ਇਹ ਇਕ ਅਜਿਹੀ ਵਿੱਦਿਅਕ ਸੰਸਥਾ ਹੈ, ਜਿਥੇ ਪ੍ਰਤਿਭਾਵਾਂ ਨੂੰ ਆਕਾਰ ਮਿਲਦਾ ਹੈ। ਇਸ ਕਾਲਜ ਤੋਂ ਤਾਲੀਮ ਹਾਸਲ ਕਰਕੇ ਵਿਦਿਆਰਥੀਆਂ ਨੇ ਵੱਖ ਵੱਖ ਅਕਾਦਮਿਕ, ਪ੍ਰਸ਼ਾਸਨਿਕ, ਨਿਆਪਾਲਿਕਾ, ਰਾਜਨੀਤਕ, ਸਮਾਜ ਭਲਾਈ, ਸਾਹਿਤਕ ਗਤੀਵਿਧੀਆਂ ਤੇ ਖੇਡ ਜਗਤ ਵਿਚ ਮੱਲ੍ਹਾਂ ਮਾਰ ਕੇ ਇਸ ਕਾਲਜ ਦਾ ਨਾਮ ਰੋਸ਼ਨ ਕੀਤਾ ਹੈ।



ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਹੋਇਆ ਉਨ੍ਹਾਂ ਦੇ ਉਜੱਵਲ ਭਵਿੱਖ ਦੀ ਕਾਮਨਾ ਕੀਤੀ। ਇਸ ਡਿਗਰੀ ਵੰਡ ਸਮਾਰੋਹ ਵਿਚ ਉਚੇਚੇ ਤੌਰ ਤੇ ਪਹੁੰਚੇ ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਇਸ ਕਾਲਜ ਦੇ 100 ਸਾਲਾਂ ਦੇ ਮਾਣਮੱਤੇ ਇਤਿਹਾਸ ਅਤੇ ਵਿਲੱਖਣ ਪ੍ਰਾਪਤੀਆਂ ਤੇ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਅਹੁੱਦੇਦਾਰਾਂ, ਪ੍ਰਿੰਸੀਪਲ, ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵਲੋਂ ਯੂ.ਜੀ.ਸੀ ਤੇ ਏ.ਆਈ.ਸੀ.ਟੀ.ਈ. ਵਰਗੇ ਸਿੱਖਿਅਕ ਅਦਾਰਿਆਂ ਨੇ ਹੁਨਰ ਸਿਖਲਾਈ ਪ੍ਰੋਗਰਾਮ ਉਲੀਕੇ ਹਨ ਤਾਂ ਜੋ ਸਿੱਖਿਆ ਨੂੰ ਕਿੱਤਾ ਮੁੱਖੀ ਬਣਾਇਆ ਜਾਵੇ। ਅਜੋਕੇ ਸਮੇਂ ਵਿਚ ਸਿਰਫ਼ ਡਿਗਰੀਆਂ ਪ੍ਰਾਪਤ ਕਰਨਾ ਹੀ ਜ਼ਰੂਰੀ ਨਹੀਂ ਸਗੋਂ ਕਿਸੇ ਰੋਜ਼ਗਾਰ ਨੂੰ ਪ੍ਰਾਪਤ ਕਰਨ ਲਈ ਹੁਨਰ ਦਾ ਹੋਣਾ ਵੀ ਜ਼ਰੂਰੀ ਹੈ।

ਸਮਾਗਮ ਦੇ ਅੰਤ ‘ਤੇ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਇਸ ਸਮਾਰੋਹ ਵਿਚ ਪਹੁੰਚੇ ਮੁੱਖ ਮਹਿਮਾਨ ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ, ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਡਾ. ਸ. ਪ. ਸਿੰਘ, ਪ੍ਰਬੰਧਕੀ ਅਹੁੱਦੇਦਾਰਾਂ, ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆ ਕਿਹਾ ਕਿ ਪ੍ਰਤੀਯੋਗਤਾ ਦੇ ਇਸ ਦੌਰ ਵਿੱਚ ਗਿਆਨ ਦੇ ਵਸੀਲਿਆਂ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸੁਨੇਹਾ ਦਿੰਦਿਆ ਕਿਹਾ ਕਿ ਗਿਆਨ - ਵਿਗਿਆਨ ਤੇ ਸੂਚਨਾ ਤਕਨੋਲੋਜੀ ਦੇ ਇਸ ਯੁੱਗ ਵਿਚ ਤੁਸੀਂ ਵੀ ਸਮਾਜ ਵਿਚ ਆਪਣੇ ਰਾਹ ਖੁਦ ਬਣਾਉ, ਬਣੇ-ਬਣਾਏ ਰਾਹਾਂ ਤੇ ਚੱਲਣ ਦੀ ਥਾਂ ਤੇ ਕੁਝ ਨਵਾਂ ਸਿਰਜੋ ਤਾਂ ਜੋ ਦੁਨੀਆ ਤੁਹਾਡੇ ਤੇ ਮਾਣ ਕਰ ਸਕੇ।

# ਪਾਕਿਸਤਾਨ ਤੋਂ ਪੁੱਜੇ ਸਿੱਖ ਜਥੇ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡੋਵਕੇਟ ਧਾਮੀ ਨੇ ਕੀਤਾ ਸਨਮਾਨਿਤ

ਅੰਮ੍ਰਿਤਸਰ, 03 ਮਈ (ਗਿਆਨ ਸਿੰਘ)- ਪਾਕਿਸਤਾਨ ਤੋਂ ਭਾਰਤ ਪੁੱਜੇ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚਣ ’ਤੇ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਨਮਾਨਿਤ ਕੀਤਾ। ਸ੍ਰੀ ਨਨਕਾਣਾ ਸਾਹਿਬ ਤੋਂ ਸ. ਪ੍ਰੀਤਮ ਸਿੰਘ ਦੀ ਅਗਵਾਈ ਵਿਚ ਇਹ ਜਥਾ ਵਾਹਗਾ ਅਟਾਰੀ ਸਰਹੱਦ ਰਾਹੀਂ 22 ਅਪ੍ਰੈਲ ਨੂੰ ਭਾਰਤ ਪੁੱਜਾ ਸੀ, ਜੋ ਦਿੱਲੀ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਧਾਮਾਂ ਦੇ ਦਰਸ਼ਨ ਕਰਨ ਉਪਰੰਤ ਇਥੇ ਪਹੁੰਚਿਆ । ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਪਾਕਿਸਤਾਨ ਤੋਂ ਪੁੱਜੇ ਸ਼ਰਧਾਲੂਆਂ ਨੂੰ ਸਨਮਾਨਿਤ ਕਰਨ ਮੌਕੇ ਐਡਵੋਕੇਟ ਧਾਮੀ ਨੇ ਆਖਿਆ ਕਿ ਖੁਸ਼ੀ ਦੀ ਗੱਲ ਹੈ ਕਿ ਪਾਕਿਸਤਾਨ ’ਚ ਵੱਸਦੇ ਬਹੁਗਿਣਤੀ ਸਿੱਖ ਸਾਬਤ ਸੂਰਤ ਅੰਮ੍ਰਿਤਧਾਰੀ ਹਨ।



ਐਡਵੋਕੇਟ ਧਾਮੀ ਨੇ ਕਿਹਾ ਕਿ ਇਸੇ ਸਾਲ 30 ਅਕਤੂਬਰ ਨੂੰ ਸਾਕਾ ਸ੍ਰੀ ਪੰਜਾ ਸਾਹਿਬ ਦੀ 100 ਸਾਲਾ ਸ਼ਤਾਬਦੀ ਸਿੱਖ ਕੌਮ ਵੱਲੋਂ ਮਨਾਈ ਜਾ ਰਹੀ ਹੈ ਅਤੇ ਯਤਨ ਹੋਵੇਗਾ ਕਿ ਇਸ ਸਬੰਧ ਵਿਚ ਇਕ ਵੱਡਾ ਜਥਾ ਭਾਰਤ ਤੋਂ ਪਾਕਿਸਤਾਨ ਲਿਜਾਇਆ ਜਾਵੇ। ਇਸ ਮੌਕੇ ਜਥੇ ਦੇ ਆਗੂ ਸ. ਪ੍ਰੀਤਮ ਸਿੰਘ ਨੇ ਕਿਹਾ ਕਿ 15 ਦਿਨ ਦੇ ਵੀਜੇ ’ਤੇ 48 ਸਿੱਖ ਸ਼ਰਧਾਲੂ ਭਾਰਤ ਦੇ ਗੁਰਦੁਆਰਾ ਸਾਹਬਾਨ ਦੇ ਦਰਸ਼ਨਾਂ ਲਈ ਪੁੱਜੇ ਹਨ ਅਤੇ ਇਥੇ ਸ੍ਰੀ ਅਨੰਦਪੁਰ ਸਾਹਿਬ ਅਤੇ ਦਿੱਲੀ ਦੇ ਗੁਰੂ ਘਰਾਂ ਦੇ ਦਰਸ਼ਨ ਕਰਕੇ ਸੰਗਤਾਂ ਬੇਹੱਦ ਪ੍ਰਸੰਨ ਹੋਈਆਂ ਹਨ। ਉਨਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤੇ ਗਏ ਮਾਨ-ਸਨਮਾਨ ਲਈ ਧੰਨਵਾਦ ਕੀਤਾ ਅਤੇ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣ ਦਾ ਸੱਦਾ ਵੀ ਦਿੱਤਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਪਲਾਟ ਵਿਕਾਊ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।
ਫੋਨ ਨੰਬਰ 917837596119
647-760-2769

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੌਨਾਂ ਦੇ ਸਸਤੇ ਪਲਾਨ ਗਾਂਰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11” ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9” ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

ਕੇਅਰ ਗਿਵਰ ਦੀ ਲੋੜ
ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। ‘PR’ ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000, 416-818-3777

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਿਹਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Urgently Need New Listings in Brampton/Caledon

visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:

Chairman's Club Award (2021, 2018, 2015, 2014, 2013, 2012, 2011, 2010) · Platinum Club Award (2020-2017) (2009-2018) (REMAX international) · (2010) · Lifetime Achievement Award (2014) · Advertisement GUARANTEED Till SOLD · MCNE

CALL JAG FOR A QUICK & FREE HOME EVALUATION
www BramptonTopRealtor.com www BramptonTopAgent.com

URGENTLY NEED NEW LISTINGS IN THIS AREA

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE



2nd Dwelling Unit Basement

Highway 10 & Bovaird Dr. (LEGAL BASEMENT APARTMENT)
Spotless & Gorgeous ,Semi-Detached Offering 3 + 1 Bedrooms + 4 Washrooms With ** Legal Finished Basement Apartment ** & Separate Entrance; Front Covered Porch; No Carpet ; Spacious Living Room Comes With Gas Fireplace , Pot Lights Laminate Floor; Wood Stair Case; Upgraded Kitchen With Porcelain Floor Tiles, Quartz Counter Top, Backlashes & Stainless Steel Appliances; Separate Dining Area Leads To Back Yard Patio; Master Bedroom Has 4 Pc Ensuite & His/ Her Closet; Roof Shingles (2016); Furnace, Humidifier, Thermostat (2017) ; Ac Unit (2020) Jag Aujla For Details @ 416-371-7777

JUST SOLD



8 Dayspring Circ 1421, Brampton
HIGHEST PRICE SOLD IN 8 DAYSPRING CIRC IN THIS MARKET OF MAY 2022
URGENTLY NEED NEW LISTINGS IN THIS AREA

SOLD $315,000 OVER ASKING IN 3 DAYS — 88 Likdale Rd, Williams Pkwy / Centre

SOLD $155,000 OVER ASKING IN 2 DAYS TO MY BUYER — 13 Trailridge Dr, Williams Pkwy / Royal Orchard

SOLD $96,000 OVER ASKING IN 2 DAYS TO MY BUYER — 26 Hanover Rd, Queen St. / Dixie Rd

SOLD $215,000 OVER ASKING IN 2 DAYS TO MY BUYER — 42 Lawnview Crt, Sandalwood /Hwy 10 / Braidwood

SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410

SOLD $317,000 OVER ASKING IN 4 DAYS TO MY BUYER — 17 Bristol Ave, Queen St / Mclaughlin

FREE
- ✓ Full MLS Services
- ✓ Consistently Marketing Your Property Until SOLD
- ✓ Competitive Rates, Exceptional Service & Award Winning Results
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
May 2022



Tri-City Professional Realty Inc., Brokerage. The Future of Real Estate
www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

NEED MORE LISTINGS
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Tel: 905.793.5777



Avtar Singh Tiwana
Sales Representative
416.802.5866

31 Melanie Dr. Unit #4 Brampton, ON L6T 5H8



SOLD $1,399,999 — CASTLEMORE/GOREWAY

SOLD $1,749,900 — 8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

SOLD $1,950,000 — 26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਉਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੇਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜਲ ਉਤੇ ਲਾਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS-JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017